ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 207 | Monday, October 31, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਦਰਹਾਮ ਦੇ ਐਮਰਜੰਸੀ ਡਿਪਾਰਟਮੈਂਟਸ ਦੀ ਹਾਲਤ ਨਾਜ਼ੁਕ



ਦਰਹਾਮ, 30 ਅਕਤੂਬਰ (ਪੋਸਟ ਬਿਊਰੋ) : ਲੇਕਰਿੱਜ ਹੈਲਥ ਤੇ ਰੀਜਨ ਆਫ ਦਰਹਾਮ ਪੈਰਾਮੈਡਿਕਸ ਸਰਵਿਸਿਜ਼ (ਆਰਡੀਪੀਐਸ) ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਅਨੁਸਾਰ ਦਰਹਾਮ ਰੀਜਨ ਦੇ ਐਮਰਜੰਸੀ ਡਿਪਾਰਟਮੈਂਟਸ ਨੂੰ ਮਰੀਜ਼ਾਂ ਦੀ ਬਹੁਤਾਤ ਤੇ ਸਟਾਫ ਦੀ ਘਾਟ ਕਾਰਨ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸਬੰਧ ਵਿੱਚ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਸ ਸਥਿਤੀ ਕਾਰਨ ਘੱਟ ਬਿਮਾਰ ਲੋਕਾਂ ਦੇ ਉਡੀਕ ਸਮੇਂ ਵਿੱਚ ਹੋਰ ਵਾਧਾ ਹੋਇਆ ਹੈ ਤੇ ਲੇਕਰਿੱਜ ਹੈਲਥ ਹਸਪਤਾਲਾਂ ਵਿੱਚ ਸਟਾਫ ਦੀ ਇਸ ਘਾਟ ਦੇ ਚੱਲਦਿਆਂ ਐਂਬੂਲੈਂਸਾਂ ਖਾਲੀ ਕਰਨ ਵਿੱਚ ਵੀ ਦਿੱਕਤ ਆ ਰਹੀ ਹੈ। ਗੈਰ ਜ਼ਰੂਰੀ ਮੈਡੀਕਲ ਟਰੀਟਮੈਂਟ ਲੈਣ ਵਾਲੇ ਸਾਰੇ ਰੈਜ਼ੀਡੈਂਟਸ ਨੂੰ ਹੋਰ ਬਦਲ ਜਿਵੇਂ ਕਿ ਵਾਕ ਇਨ ਕਲੀਨਿਕਸ, ਪ੍ਰਾਈਮਰੀ ਕੇਅਰ, ਅਰਜੈਂਟ ਕੇਅਰ ਜਾਂ ਵਰਚੂਅਲ ਕੇਅਰ, ਅਪਨਾਉਣ ਲਈ ਆਖਿਆ ਜਾ ਰਿਹਾ ਹੈ।

ਲੇਕਰਿੱਜ ਹੈਲਥ ਦੀ ਵੈੱਬਸਾਈਟ ਉੱਤੇ ... ਬਾਕੀ ਸਫਾ 2 'ਤੇ

# ਐਜੂਕੇਸ਼ਨ ਵਰਕਰਜ਼ ਦੀ ਹੜਤਾਲ ਰੋਕਣ ਲਈ ਫੋਰਡ ਸਰਕਾਰ ਬਿੱਲ ਪੇਸ਼ ਕਰਨ ਦੀ ਕਰ ਰਹੀ ਹੈ ਤਿਆਰੀ



ਓਨਟਾਰੀਓ, 30 ਅਕਤੂਬਰ (ਪੋਸਟ ਬਿਊਰੋ) : ਐਜੂਕੇਸ਼ਨ ਵਰਕਰਜ਼ ਨੂੰ ਹੜਤਾਲ ਉੱਤੇ ਜਾਣ ਤੋਂ ਰੋਕਣ ਲਈ ਫੋਰਡ ਸਰਕਾਰ ਸੋਮਵਾਰ ਨੂੰ ਨਵਾਂ ਬਿੱਲ ਪੇਸ਼ ਕਰਨ ਦੀ ਤਿਆਰੀ ਕਰ ਰਹੀ ਹੈ।

ਦ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ), ਜੋ ਕਿ ਓਨਟਾਰੀਓ ਦੇ 55,000 ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਦੀ ਹੈ, ਨੇ ਐਤਵਾਰ ਸਵੇਰੇ ਪ੍ਰੋਵਿੰਸ ਪੱਧਰ ਉੱਤੇ ਹੜਤਾਲ ਕਰਨ ਲਈ ਪੰਜ ਦਿਨਾਂ ਦਾ ਨੋਟਿਸ ਦਿੱਤਾ ਹੈ। ਯੂਨੀਅਨ ਨੇ ਇਹ ਵੀ ਆਖਿਆ ਹੈ ਕਿ ਜੇ ਸ਼ੁੱਕਰਵਾਰ ਤੱਕ ਕੋਈ ਸਮਝੌਤਾ ਸਿਰੇ ਨਹੀਂ ਚੜ੍ਹਦਾ ਤਾਂ ਇਹ ਹੜਤਾਲ ਕੀਤੀ ਜਾਵੇਗੀ।

ਐਤਵਾਰ ਦੁਪਹਿਰ ਨੂੰ ਗੈਰਨਿਰਧਾਰਤ ਮੀਟਿੰਗ ਤੋਂ ਬਾਅਦ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਯੂਨੀਅਨ ਵੱਲੋਂ ਹੜਤਾਲ ਕੀਤੇ ਜਾਣ ਦੀ ਜ਼ਿੱਦ ਉੱਤੇ ਅੜੇ ਰਹਿਣ ਕਾਰਨ ਹੁਣ ਉਨ੍ਹਾਂ ਕੋਲ ਨਵਾਂ ਬਿੱਲ ਪੇਸ਼ ਕਰਨ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ। ਉਨ੍ਹਾਂ ਆਖਿਆ ਕਿ ਇਹ ਬੱਚਿਆਂ ਦੇ ਭਵਿੱਖ ... ਬਾਕੀ ਸਫਾ 2 'ਤੇ

## ਐਜੂਕੇਸ਼ਨ ਵਰਕਰਜ਼ ਦੀ ਹੜਤਾਲ ਦੀ ਸੂਰਤ ਵਿੱਚ ਸਕੂਲ ਬੰਦ ਰੱਖਣਗੇ ਓਨਟਾਰੀਓ ਦੇ ਦੋ ਸਕੂਲ ਬੋਰਡਜ਼



ਓਨਟਾਰੀਓ, 30 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਦੋ ਸਕੂਲ ਬੋਰਡਜ਼ ਵੱਲੋਂ ਸ਼ੁੱਕਰਵਾਰ ਨੂੰ ਇਹ ਆਖਿਆ ਗਿਆ ਕਿ ਜੇ ਅਗਲੇ ਮਹੀਨੇ ਐਜੂਕੇਸ਼ਨ ਵਰਕਰਜ਼ ਹੜਤਾਲ ਉੱਤੇ ਜਾਂਦੇ ਹਨ ਤਾਂ ਉਹ ਸਕੂਲ ਬੰਦ ਕਰ ਦੇਣਗੇ।

ਕਵਾਰਥਾ ਪਾਈਨ ਰਿੱਜ ਡਿਸਟ੍ਰਿਕਟ ਸਕੂਲ ਬਰਡ ਤੇ ਪੀਟਰਬਰੋ ਵਿਕਟੋਰੀਆ ਨੌਰਥੰਬਰਲੈਂਡ ਐਂਡ ਕਲੇਰਿੰਗਟਨ ਕੈਥੋਲਿਕ ਸਕੂਲ ਬੋਰਡ ਨੇ ਆਖਿਆ ਕਿ ਇਹ ਫੈਸਲਾ ਕਈ ਗੱਲਾਂ ਜਿਵੇਂ ਕਿ ਵਿਦਿਆਰਥੀਆਂ ਦੀ ਸੁਪਰਵਿਜ਼ਨ, ਮੈਡੀਕਲ ਸਪੋਰਟ, ਸੈਨੀਟੇਸ਼ਨ ਤੇ ਸਕੂਲ ਦੀ ਸਮੁੱਚੀ ਸਕਿਊਰਿਟੀ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾ ਰਿਹਾ ਹੈ।

ਕਵਾਰਥਾ ਪਾਈਨ ਰਿੱਜ ਡਿਸਟ੍ਰਿਕਟ ਸਕੂਲ ਬੋਰਡ ਦੀ ਵੈੱਬਸਾਈਟ ਉੱਤੇ ਪੋਸਟ ਕੀਤੀ ਗਈ ਅਪਡੇਟ ਵਿੱਚ ਆਖਿਆ ਗਿਆ ਕਿ ਸਾਡੇ ਸਕੂਲਾਂ ਨੂੰ ਬੰਦ ਕਰਨ ਦਾ ਫੈਸਲਾ ... ਬਾਕੀ ਸਫਾ 2 'ਤੇ

# 5 ਸਾਲ ਤੋਂ ਲਾਪਤਾ ਇਨੂਕ ਮਹਿਲਾ ਦਾ ਪਿੰਜਰ ਮਿਲਿਆ



ਓਟਵਾ, 30 ਅਕਤੂਬਰ (ਪੋਸਟ ਬਿਊਰੋ) : ਓਟਵਾ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਸਾਰੀ ਅਧੀਨ ਵੇਨੀਅਰ ਅਪਾਰਟਮੈਂਟ ਬਿਲਡਿੰਗ ਵਿੱਚੋਂ ਮਿਲਿਆ ਮਨੁੱਖੀ ਪਿੰਜਰ ਲਾਪਤਾ ਇਨੁਕ ਮਹਿਲਾ ਦਾ ਹੈ। ਇਸ ਮਹਿਲਾ ਨੂੰ ਆਖਰੀ ਵਾਰੀ ਪੰਜ ਸਾਲ ਪਹਿਲਾਂ ਓਟਵਾ ਈਸਟ ਵਿੱਚ ਵੇਖਿਆ ਗਿਆ ਸੀ।

ਡੈਸ਼ਕੈਂਪਸ ਐਵਨਿਊ ਸਥਿਤ ਤਿੰਨ ਮੰਜ਼ਿਲਾ ਬਿਲਡਿੰਗ ਵਿੱਚ ਕੰਮ ਕਰ ਰਹੇ ਵਰਕਰਜ਼ ਨੂੰ 28 ਸਤੰਬਰ ਨੂੰ ਮਨੁੱਖੀ ਪਿੰਜਰ ਮਿਲਿਆ ਸੀ। 29 ਸਤੰਬਰ ਨੂੰ ਪੁਲਿਸ ਵੱਲੋਂ ਇਹ ਬਿਆਨ ਜਾਰੀ ਕੀਤਾ ਗਿਆ ਸੀ ਕਿ ਇਸ ਬਿਲਡਿੰਗ ਲਈ ਜਦੋਂ ਜ਼ਮੀਨ ਪੁੱਟਣ ਦਾ ਕੰਮ ਕੀਤਾ ਜਾ ਰਿਹਾ ਸੀ ਤਾਂ ਵਰਕਰਜ਼ ਨੂੰ ਇੱਥੇ ਪਿੰਜਰ ਵਰਗੀ ਕੋਈ ਚੀਜ਼ ਮਿਲੀ। ਐਤਵਾਰ ਨੂੰ ਓਟਵਾ ਪੁਲਿਸ ਸਰਵਿਸ ਹੋਮੀਸਾਈਡ ਯੂਨਿਟ ਨੇ ਇਸ ਮਨੁੱਖੀ ਪਿੰਜਰ ਦੀ ਪਛਾਣ ਮੈਰੀ ... ਬਾਕੀ ਸਫਾ 2 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL For Ourr Exclusive Deals
PRICE $4699
KitchenAid Moffat MAYTAG LG SAMSUNG Electrolux JENNAIR BOSCH Whirlpool
416-551-5553 WWW.OURRHOMEAPPLIANCES.COM

Pure Vegetarian MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life / Mortgage / Funeral Insurance
Disability Insurance
Critical Illness Insurance
RESP / RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਚਲਾ ਗਿਆ ਰੁੱਖਾਂ ਦੇ ਕੋਲ ਸੀ ਇੱਕ ਬੰਦਾ,
ਗੱਠੜੀ ਦੁੱਖਾਂ ਦੀ ਬਹਿ ਗਿਆ ਖੋਲ੍ਹ ਮੀਆਂ।
ਜਿਹੜੀ ਗੁੰਝਲ ਨਾ ਕਿਸੇ ਕੋਲ ਕਦੀ ਖੋਲ੍ਹੀ,
ਸਾਰਾ ਈ ਕੂੜ ਕਬਾੜ ਗਿਆ ਫੋਲ ਮੀਆਂ।
ਸੁਣਿਆ ਗੱਲ ਕਰੀਏ ਕੰਧਾਂ ਸੁਣਦੀਆਂ ਨੇ,
ਸਭ ਕੁਝ ਆਪ ਹੀ ਗਿਆ ਹੈ ਬੋਲ ਮੀਆਂ।
ਭਰਿਆ ਮੂਹਰੇ ਹੁੰਗਾਰਾ ਨਹੀਂ ਰੁੱਖ ਸੀ ਗਾ,
ਤਾਕਤ ਬੋਲਣ ਦੀ ਓਸ ਨਹੀਂ ਕੋਲ ਮੀਆਂ।
ਨਾ ਵੀ ਬੋਲਦਾ, ਕੁਦਰਤ ਸਭ ਜਾਣਦੀ ਆ,
ਬੰਦਿਆਂ ਕਿਹੜੇ ਕਮਾਏ ਪਏ ਪਾਪ ਮੀਆਂ।
ਜਿਨ੍ਹਾਂ ਵਾਰਸਾਂ ਲਈ ਕਰਦਾ ਏ ਪਾਪ ਬੰਦਾ,
ਜੜ੍ਹੀਂ ਉਹਨਾਂ ਦੇ ਬਹਿ ਗਿਆ ਆਪ ਮੀਆਂ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਨੇ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਅੱਠ ਨੁਕਾਤੀ ਏਜੰਡਾ ਕੀਤਾ ਤਿਆਰ

### * ਪੰਜਾਬ ਨੂੰ ਹਰਿਆ ਭਰਿਆ ਅਤੇ ਪ੍ਰਦੂਸਣ ਮੁਕਤ ਬਣਾਉਣ ਲਈ ਲੋਕਾਂ ਤੋਂ ਸਹਿਯੋਗ ਮੰਗਿਆ

ਚੰਡੀਗੜ, 30 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਅੱਠ ਨੁਕਾਤੀ ਯੋਜਨਾ ਤਿਆਰ ਕੀਤੀ ਹੈ।



ਪਰਾਲੀ ਸਾੜਨ ਵਿਰੁੱਧ ਮੁਹਿੰਮ ਦੀ ਅਗਵਾਈ ਕਰ ਰਹੇ ਮੁੱਖ ਮੰਤਰੀ ਨੇ ਇਸ ਰੁਝਾਨ ਨੂੰ ਰੋਕਣ ਲਈ ਸਾਰੇ ਜ਼ਿਲਿਆਂ ਵਿੱਚ ਕੀਤੇ ਜਾ ਰਹੇ ਯਤਨਾਂ ਦਾ ਨਿੱਜੀ ਤੌਰ ‘ਤੇ ਜਾਇਜਾ ਲੈਣ ਦਾ ਫੈਸਲਾ ਕੀਤਾ ਹੈ ਅਤੇ ਉਨਾਂ ਨੇ ਅਧਿਕਾਰੀਆਂ ਨੂੰ ਇਸ ਯੋਜਨਾ ਨੂੰ ਮਿਸਨਰੀ ਉਤਸਾਹ ਨਾਲ ਨਤੀਜਾਮੁਖੀ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ ਦਿੱਤੇ ਹਨ। ਉਨਾਂ ਕਿਹਾ ਕਿ ਇਸ ਯੋਜਨਾ ਦੇ ਹਿੱਸੇ ਵਜੋਂ ਸੂਬਾ ਸਰਕਾਰ ਨੇ ਹਾਲ ਹੀ ਵਿੱਚ ਪਰਾਲੀ ਦੇ ਖੇਤਾਂ ਵਿੱਚ ਨਿਬੇੜੇ ਲਈ 30,000 ਮਸੀਨਾਂ ਵੰਡੀਆਂ ਹਨ, ਜਿਸ ਨਾਲ ਅਜਿਹੀਆਂ ਮਸੀਨਾਂ ਦੀ ਕੁੱਲ ਗਿਣਤੀ 1.2 ਲੱਖ ਹੋ ਗਈ ਹੈ। ਭਗਵੰਤ ਮਾਨ ਨੇ ਅੱਗੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਸੂਬੇ ਦੇ ਸਾਰੇ ਕਿਸਾਨਾਂ ਨੂੰ ਪਿੰਡ-ਵਾਰ ਸੀਆਰਐਮ ਮਸੀਨ ਦੀ ਕਿਸਮ ਅਤੇ ਮਾਲਕਾਂ ਦੇ ਸੰਪਰਕ ਨੰਬਰ ਦਿੱਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪਰਾਲੀ ਸਾੜਨ ਵਿਰੁੱਧ ਸੂਬੇ ਭਰ ਵਿੱਚ ਮੁਹਿੰਮ ਵਿੱਢੀ ਗਈ ਹੈ। ਉਨਾਂ ਕਿਹਾ ਕਿ ਪਰਾਲੀ ਸਾੜਨ ਦੀ ਸਮੱਸਿਆ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਧਾਇਕਾਂ ਅਤੇ ਸੀਨੀਅਰ ਅਧਿਕਾਰੀਆਂ ਵੱਲੋਂ ਸੰਵੇਦਨਸੀਲ ਖੇਤਰਾਂ ਵਿੱਚ ਮੀਟਿੰਗਾਂ, ਗੁਰਦੁਆਰਿਆਂ ਤੋਂ ਐਲਾਨ, ਸਰਪੰਚਾਂ, ਕਿਸਾਨ ਯੂਨੀਅਨਾਂ ਅਤੇ ਹੋਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸੇ ਤਰਾਂ ਪਰਾਲੀ ਸਾੜਨ ਦੇ ਖਤਰਨਾਕ ਰੁਝਾਨ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਵਿੱਚ ਸਿਹਤ ਅਤੇ ਸਿੱਖਿਆ ਵਿਭਾਗ ਦੀ ਵਿਆਪਕ ਸਮੂਲੀਅਤ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨਾਂ ਨੇ ਵਿਭਾਗਾਂ ਨੂੰ ਪਰਾਲੀ ਨਾ ਸਾੜਨ ਲਈ ਪੰਚਾਇਤਾਂ ਅਤੇ ਕਿਸਾਨਾਂ ਨੂੰ ਉਤਸਾਹਿਤ ਕਰਨ ਅਤੇ ਇਸ ਰੁਝਾਨ ਨੂੰ ਠੱਲਣ ਵਾਲੇ ਕਿਸਾਨਾਂ ਅਤੇ ਪੰਚਾਇਤਾਂ ਦੀ ਸਨਮਾਨ ਯਕੀਨੀ ਬਣਾਉਣ ਲਈ ਵੀ ਕਿਹਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਦਰਹਾਮ ਦੇ ਐਮਰਜੰਸੀ ਡਿਪਾਰਟਮੈਂਟਸ ਦੀ ਹਾਲਤ ਨਾਜ਼ੁਕ

.....ਪੰਨਾ 1 ਦਾ ਬਾਕੀ

ਅਰਜੈਂਟ ਕੇਅਰ ਆਪਸ਼ਨਜ਼ ਉਪਲਬਧ ਹਨ ਜਿਨ੍ਹਾਂ ਦਾ ਲਾਹਾ ਰੈਜ਼ੀਡੈਂਟਸ ਲੈ ਸਕਦੇ ਹਨ। ਇਸ ਉੱਤੇ ਚਾਰੇ ਐਮਰਜੰਸੀ ਡਿਪਾਰਟਮੈਂਟ ਲਈ ਅੰਦਾਜ਼ਨ ਉਡੀਕ ਸਮਾਂ ਵੀ ਦਿੱਤਾ ਗਿਆ ਹੈ। ਉਡੀਕ ਸਮੇਂ ਨੂੰ ਹਰ ਅੱਧੇ ਘੰਟੇ ਬਾਅਦ ਰੀਫਰੈਸ਼ ਕੀਤਾ ਜਾਂਦਾ ਹੈ। ਲੇਕਰਿੱਜ ਹੈਲਥ ਦਾ ਕਹਿਣਾ ਹੈ ਕਿ ਉਹ ਕਿਸੇ ਮਰੀਜ਼ ਬਾਰੇ ਇਹ ਨਹੀਂ ਦੱਸ ਸਕਦੇ ਕਿ ਉਸ ਨੂੰ ਹਸਪਤਾਲ ਵਿੱਚ ਕਿੰਨਾ ਸਮਾਂ ਰੁਕਣਾ ਪਵੇਗਾ ਕਿਉਂਕਿ ਇਹ ਸੱਭ ਹਰ ਕਿਸੇ ਮਰੀਜ਼ ਦੀ ਸਾਂਭ ਸੰਭਾਲ ਤੇ ਉਸ ਦੇ ਕੀਤੇ ਜਾਣ ਵਾਲੇ ਟੈਸਟਸ ਉੱਤੇ ਨਿਰਭਰ ਕਰਦਾ ਹੈ।

ਇਹ ਵੀ ਆਖਿਆ ਗਿਆ ਹੈ ਕਿ ਜੇ ਕਿਸੇ ਨੂੰ ਫਰੀ ਮੈਡੀਕਲ



ਅਟੈਂਸ਼ਨ ਦੀ ਲੋੜ ਹੈ ਤਾਂ ਉਸ ਨੂੰ ਜਾਂ ਤਾਂ 911 ਉੱਤੇ ਕਾਲ ਕਰਨਾ ਚਾਹੀਦਾ ਹੈ ਤੇ ਜਾਂ ਫਿਰ ਨੇੜਲੇ ਐਮਰਜੰਸੀ ਡਿਪਾਰਟਮੈਂਟ ਦਾ ਦੌਰਾ ਕਰਨਾ ਚਾਹੀਦਾ ਹੈ। ਇਸ ਸਾਂਝੇ ਬਿਆਨ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਸਾਰੇ ਲੋਕ ਜਿਨ੍ਹਾਂ ਨੂੰ ਨਾਜ਼ੁਕ ਹਾਲਤ ਵਿੱਚ ਲੇਕਰਿੱਜ ਹੈਲਥ ਐਮਰਜੰਸੀ ਡਿਪਾਰਟਮੈਂਟ ਲਿਆਂਦਾ ਗਿਆ ਹੈ ਤੇ ਜਿਨ੍ਹਾਂ ਮਰੀਜ਼ਾਂ ਦੀ ਜਾਨ ਨੂੰ ਖਤਰਾ ਹੈ ਉਨ੍ਹਾਂ ਦੀ ਸਾਂਭ ਸੰਭਾਲ ਪਹਿਲ ਦੇ ਆਧਾਰ ਉੱਤੇ ਕੀਤੀ ਜਾਂਦੀ ਹੈ।

ਨਾਜ਼ੁਕ ਹਾਲਤ ਬਾਰੇ ਦੱਸਿਆ ਗਿਆ ਹੈ ਕਿ ਜਿਵੇਂ ਕਿਸੇ ਨੂੰ ਛਾਤੀ ਵਿੱਚ ਦਰਦ ਹੋਵੇ ਜਾਂ ਬੇਚੈਨੀ ਹੋ ਰਹੀ ਹੋਵੇ, ਨਬਜ਼ ਨਾ ਮਿਲ ਰਹੀ ਹੋਵੇ, ਬੇਹੋਸ਼ੀ ਦੀ ਹਾਲਤ, ਸਾਹ ਲੈਣ ਵਿੱਚ ਦਿੱਕਤ, ਹੱਦੋਂ ਵੱਧ ਖੂਨ ਵਗਣਾ, ਸਾਹ ਨਾ ਆਉਣਾ, ਬੇਹੋਸ਼ੀ ਛਾਣਾ ਤੇ ਹੋਰ ਗੰਭੀਰ ਟਰੌਮਾ ਸ਼ਾਮਲ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

# ਐਜੂਕੇਸ਼ਨ ਵਰਕਰਜ਼ ਦੀ ਹੜਤਾਲ ਰੋਕਣ ਲਈ ਫੋਰਡ ਸਰਕਾਰ ਬਿੱਲ ਪੇਸ਼ ਕਰਨ ਦੀ ਕਰ ਰਹੀ ਹੈ ਤਿਆਰੀ

.....ਪੰਨਾ 1 ਦਾ ਬਾਕੀ

ਦਾ ਸਵਾਲ ਹੈ ਤੇ ਉਨ੍ਹਾਂ ਦੀ ਪੜ੍ਹਾਈ ਨੂੰ ਜਾਰੀ ਰੱਖਣ ਲਈ ਇਹ ਫੈਸਲਾ ਕਰਨਾ ਪੈ ਰਿਹਾ ਹੈ।

ਕੂਪ ਦੇ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਸਰਕਾਰ ਨਾ ਸਿਰਫ ਐਜੂਕੇਸ਼ਨ ਵਰਕਰਜ਼ ਨੂੰ ਹੜਤਾਲ ਉੱਤੇ ਜਾਣ ਤੋਂ ਰੋਕਣ ਦੀ ਤਿਆਰੀ ਕਰ ਰਹੀ ਹੈ ਸਗੋਂ ਉਨ੍ਹਾਂ ਉੱਤੇ ਕਾਂਟਰੈਕਟ ਵੀ ਜ਼ਬਰਦਸਤੀ ਮੜ੍ਹਨ ਦੀ ਤਿਆਰੀ ਕੀਤੀ ਜਾ ਰਹੀ ਹੈ।

# ਐਜੂਕੇਸ਼ਨ ਵਰਕਰਜ਼ ਦੀ ਹੜਤਾਲ ਦੀ ਸੂਰਤ ਵਿੱਚ ਸਕੂਲ ਬੰਦ ਰੱਖਣਗੇ ਓਨਟਾਰੀਓ ਦੇ ਦੋ ਸਕੂਲ ਬੋਰਡਜ਼

.....ਪੰਨਾ 1 ਦਾ ਬਾਕੀ

ਹਲਕੇ ਵਿੱਚ ਨਹੀਂ ਕੀਤਾ ਜਾ ਰਿਹਾ।ਪਰ ਹਕੀਕਤ ਇਹ ਹੈ ਕਿ ਕੂਪ ਐਜੂਕੇਸ਼ਨ ਵਰਕਰਜ਼ ਦੇ ਸਕੂਲਾਂ ਵਿੱਚ ਮੌਜੂਦ ਨਾ ਹੋਣ ਦੀ ਸੂਰਤ ਵਿੱਚ ਅਸੀਂ ਸਾਰੇ ਵਿਦਿਆਰਥੀਆਂ ਲਈ ਸੇਫ ਹਾਲਾਤ ਦੀ ਗਰੰਟੀ ਨਹੀਂ ਦੇ ਸਕਦੇ।

# 5 ਸਾਲ ਤੋਂ ਲਾਪਤਾ ਇਨੁਕ ਮਹਿਲਾ ਦਾ ਪਿੰਜਰ ਮਿਲਿਆ

.....ਪੰਨਾ 1 ਦਾ ਬਾਕੀ

ਪਾਪਾਤਸੀ ਵਜੋਂ ਕੀਤੀ।

2017 ਵਿੱਚ ਜਦੋਂ ਪਾਪਾਤਸੀ ਲਾਪਤਾ ਹੋਈ ਤਾਂ ਉਹ 39 ਸਾਲਾਂ ਦੀ ਸੀ। ਪੁਲਿਸ ਨੇ ਦੱਸਿਆ ਕਿ ਪਾਪਾਤਸੀ ਨੂੰ ਆਖਰੀ ਵਾਰੀ ਜਿਊਂਦਿਆਂ 27 ਅਪਰੈਲ, 2017 ਨੂੰ ਵੇਨੀਆਰ ਇਲਾਕੇ ਵਿੱਚ ਵੇਖਿਆ ਗਿਆ ਸੀ। ਪੁਲਿਸ ਨੇ ਬਿਆਨ ਜਾਰੀ ਕਰਕੇ ਪਾਪਾਤਸੀ ਦੇ ਪਰਿਵਾਰ ਤੇ ਰਿਸ਼ਤੇਦਾਰਾਂ ਨਾਲ ਦੁੱਖ ਸਾਂਝਾ ਕੀਤਾ।

ਪੁਲਿਸ ਨੇ ਦੱਸਿਆ ਕਿ ਜੁਲਾਈ 2017 ਵਿੱਚ ਮੇਜਰ



ਕ੍ਰਾਈਮ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਗਈ ਸੀ ਕਿਉਂਕਿ ਪਾਪਾਤਸੀ ਦੇ ਲਾਪਤਾ ਹੋਣ ਦੇ ਮਾਮਲੇ ਨੂੰ ਜਾਂਚਕਾਰ ਸ਼ੱਕੀ ਮੰਨ ਕੇ ਚੱਲ ਰਹੇ ਸਨ। ਉਹ ਮੂਲ ਰੂਪ ਵਿੱਚ ਨੂਨਾਵਤ ਤੋਂ ਸੀ ਤੇ ਫਿਰ ਓਟਵਾ ਆ ਗਈ ਸੀ। ਉਹ 10 ਬੱਚਿਆਂ ਦੀ ਮਾਂ ਸੀ।

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਅਮਰੀਕਾ ਦੇ ਡੇਟਨ ਗੁਰਦੁਆਰਾ ਵਿਖੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ, ਬਾਬਾ ਗੁਰਦਿੱਤਾ ਜੀ ਦੀ ਜੀਵਨੀ ਬਾਰੇ ਨਵ-ਪ੍ਰਕਾਸ਼ਿਤ ਪੁਸਤਕ ਵੀ ਕੀਤੀ ਰਿਲੀਜ਼





ਡੇਟਨ 28 ਅਕਤੂਬਰ 2022 :ਅਮਰੀਕਾ ਦੇ ਓਹਾਇਹੋ ਸੂਬੇ ਦੇ ਪ੍ਰਸਿੱਧ ਸ਼ਹਿਰ ਡੇਟਨ ਦੇ ਸਿੱਖ ਸੁਸਾਇਟੀ ਆਫ਼ ਡੇਟਨ ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਗੁਰਦੁ-ਆਰੇ ਦੇ ਮੁੱਖ ਗ੍ਰੰਥੀ ਭਾਈ ਹੇਮ ਸਿੰਘ ਦੇ ਜੱਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇੰਡੀਅਨ ਐਪਲਿਸ ਤੋਂ ਆਏ ਭਾਈ ਮਨਜੀਤ ਸਿੰਘ ਨੇ ਰਾਗਾਂ ਵਿੱਚ ਕੀਰਤਨ ਕੀਤਾ ਤੇ ਬਾਬਾ ਗੁਰਦਿੱਤਾ ਜੀ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਭਾਈ ਜਸਵਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਤੇ ਭਾਈ ਲਖਵਿੰਦਰ ਸਿੰਘ ਦੇ ਢਾਡੀ ਜੱਥੇ ਨੇ ਬਾਬਾ ਗੁਰਦਿੱਤਾ ਜੀ ਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਤਬਲੇ ਦੀ ਸੇਵਾ ਸ. ਜਤਿਨ ਸਿੰਘ ਤੇ ਕਰਨਵੀਰ ਸਿੰਘ ਨੇ ਨਿਭਾਈ। ਬੱਚਿਆਂ ਵਲੋਂ ਕੀਰਤਨ ਗਾਇਨ ਕੀਤਾ ਗਿਆ।

ਬਾਬਾ ਗੁਰਦਿੱਤਾ ਜੀ ਸ੍ਰੀ ਗਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਵੱਡੇ ਸਪੁੱਤਰ, ਸੱਤਵੇਂ ਗੁਰੂ ਸ੍ਰੀ ਹਰਿ ਰਾਇ ਜੀ ਦੇ ਪਿਤਾ ਅਤੇ ਨੌਵੇਂ ਪਾਤਸ਼ਾਹ ਸ੍ਰੀਂ ਗੁਰੂ ਸ੍ਰੀ ਤੇਗ ਬਹਾਦਰ ਸਾਹਿਬ ਜੀ ਦੇ ਵੱਡੇ ਭਰਾ ਸਨ।ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਉਨ੍ਹਾਂ ਦੇ ਪੜਦਾਦਾ ਤੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਉਨ੍ਹਾਂ ਦੇ ਦਾਦਾ ਸਨ ।ਉਨ੍ਹਾਂ ਦਾ ਜਨਮ 15 ਨਵੰਬਰ 1613 ਈ.ਨੂੰ ਡਰੋਲੀ ਭਾਈ ਜਿਲ੍ਹਾ ਫਿਰੋਜਪੁਰ ਵਿਚ ਹੋਇਆ।

ਇਸ ਮੌਕੇ 'ਤੇ ਉਨ੍ਹਾਂ ਦੀ ਜੀਵਨੀ ਬਾਰੇ ਕੁਲਦੀਪ ਸਿੰਘ ਕਾਮਿਲ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਦੀ ਲਿਖੀ ਪੁਸਤਕ 'ਬਾਬਾ ਗੁਰਦਿੱਤਾ ਜੀ' ਰਲੀਜ ਕੀਤੀ ਗਈ, ਜੋ ਕਿ ਪੰਜਾਬੀ ਵਿਰਸਾ ਟਰੱਸਟ (ਰਜਿ.) ਫਗਵਾੜਾ (ਕਪੂਰਥਲਾ) ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਬਾਰੇ ਸੰਖੇਪ ਜਾਣਕਾਰੀ ਪ੍ਰੋ. ਤਰਲੋਚਨ ਸਿੰਘ ਸੰਧਾਵਾਲੀਆ ਨੇ ਦਿੱਤੀ। ਪ੍ਰਸਿੱਧ ਪੱਤਰਕਾਰ ਗੁਰਮੀਤ ਪਲਾਈ ਦਾ ਇਸ ਪੁਸਤਕ ਨੂੰ ਛਪਵਾਉਣ ਵਿਚ ਵਿਸ਼ੇਸ਼ ਯੋਗਦਾਨ ਰਿਹਾ।

ਡੇਟਨ ਤੋਂ ਇਲਾਵਾ ਸਿਨਸਿਨਾਟੀ, ਹੋਰਨਾਂ ਸੂਬਿਆਂ ਅਤੇ ਕਨੇਡਾ ਤੋਂ ਵੀ ਸੰਗਤ ਨੇ ਵੀ ਇਸ ਦੀਵਾਨ ਵਿਚ ਹਾਜਰੀ ਭਰੀ। ਸਪਰਿੰਗਫੀਲਡ ਦੇ ਉਘੇ ਕਾਰੋਬਾਰੀ ਅਵਤਾਰ ਸਿੰਘ ਜੋ ਕਿ ਪਿੰਡ ਲੁਹਾਰਾਂ ਜ਼ਿਲ੍ਹਾ ਜਲੰਧਰ ਦੇ ਜੰਮਪਲ ਹਨ, ਜਿਥੇ ਬਾਬਾ ਗੁਰਦਿੱਤਾ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਹੈ ,ਦੇ ਪ੍ਰਵਾਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 1993 ਤੋਂ ਇਹ ਦਿਹਾੜਾ ਹਰ ਸਾਲ ਮਨਾਇਆ ਜਾ ਰਿਹਾ। ਅਵਤਾਰ ਸਿੰਘ ਵਲੋਂ ਗੁਰਦਆਰੇ ਦੀ ਪ੍ਰਬੰਧਕ ਕਮੇਟੀ, ਸਮੂਹ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ। ਫੋਟੋਗ੍ਰਾਫਰੀ ਦੀ ਸੇਵਾ ਸੁਨੀਲ ਮੱਲੀ ਨੇ ਨਿਭਾਈ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

# ਪਰਾਲੀ ਸਾੜਨ ਵਿਰੁੱਧ ਜੀਰੋ ਸਹਿਣਸ਼ੀਲਤਾ ਅਪਣਾਉਂਦਿਆਂ ਮਾਨ ਸਰਕਾਰ ਵੱਲੋਂ ਡਿਊਟੀ ਵਿੱਚ ਕੁਤਾਹੀ ਲਈ ਚਾਰ ਖੇਤੀਬਾੜੀ ਅਧਿਕਾਰੀ ਮੁਅੱਤਲ



ਚੰਡੀਗੜ, 30 ਅਕਤੂਬਰ (ਪੋਸਟ ਬਿਊਰੋ) - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਦੀ ਵਚਨਬੱਧਤਾ ਤਹਿਤ ਖੇਤੀਬਾੜੀ ਵਿਭਾਗ ਨੇ ਸੂਬੇ ਦੇ ਵੱਖ-ਵੱਖ ਜ਼ਿਲਿਆਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਸਾਹਮਣੇ ਆਉਣ 'ਤੇ ਅੱਜ ਚਾਰ ਅਧਿਕਾਰੀਆਂ ਨੂੰ ਡਿਊਟੀ ਵਿੱਚ ਕੁਤਾਹੀ ਲਈ ਮੁਅੱਤਲ ਕਰ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਰੁੱਧ ਜੀਰੋ ਸਹਿਣਸ਼ੀਲਤਾ ਨੀਤੀ ਅਪਣਾਈ ਹੈ ਅਤੇ ਸੂਬੇ ਭਰ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਵਾਸਤੇ ਜਾਗਰੂਕ ਕਰਨ ਲਈ ਜੋਰਦਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਖੇਤੀਬਾੜੀ ਅਧਿਕਾਰੀਆਂ ਨੂੰ ਜਮੀਨੀ ਪੱਧਰ 'ਤੇ ਸੰਜੀਦਗੀ ਨਾਲ ਕੰਮ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਉਨਾਂ ਦੇ ਅਧਿਕਾਰ ਖੇਤਰ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ, ਪਰ ਇਨਾਂ ਅਧਿਕਾਰੀਆਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਢੁੱਕਵੀਂ ਪਾਲਣਾ ਨਹੀਂ ਕੀਤੀ ਗਈ।

ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਚਾਰ ਖੇਤੀਬਾੜੀ ਅਧਿਕਾਰੀਆਂ ਨੂੰ ਡਿਊਟੀ ਵਿੱਚ ਕੁਤਾਹੀ ਵਰਤਣ ਦੇ ਦੋਸ਼ ਹੇਠ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ।

ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿੱਚ ਮੁੱਖ ਖੇਤੀਬਾੜੀ ਅਫਸਰ ਸੰਗਰੂਰ ਹਰਬੰਸ ਸਿੰਘ, ਖੇਤੀਬਾੜੀ ਅਫਸਰ ਸਮਾਣਾ ਪਟਿਆਲਾ ਸਤੀਸ਼ ਕੁਮਾਰ, ਖੇਤੀਬਾੜੀ ਅਫਸਰ ਚੋਹਲਾ ਸਾਹਿਬ ਤਰਨ ਤਾਰਨ ਹਰਪਾਲ ਸਿੰਘ, ਖੇਤੀਬਾੜੀ ਅਫਸਰ ਪੱਟੀ, ਤਰਨ ਤਾਰਨ ਭੁਪਿੰਦਰ ਸਿੰਘ ਸ਼ਾਮਲ ਹਨ।

ਬੁਲਾਰੇ ਨੇ ਦੱਸਿਆ ਕਿ ਮੁਅੱਤਲੀ ਦੇ ਸਮੇਂ ਦੌਰਾਨ ਇਹ ਅਧਿਕਾਰੀ ਦਫਤਰ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਐਸ.ਏ.ਐਸ.ਨਗਰ ਵਿਖੇ ਰਿਪੋਰਟ ਕਰਨਗੇ। ਉਨਾਂ ਅੱਗੇ ਦੱਸਿਆ ਕਿ ਮੁਅੱਤਲੀ ਦੌਰਾਨ ਇਨਾਂ ਅਧਿਕਾਰੀਆਂ ਨੂੰ ਨਿਯਮਾਂ/ਹਦਾਇਤਾਂ ਅਨੁਸਾਰ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ।

# ਗੂਗਲ ਮੁਲਾਜ਼ਮ ਦੀ ਹੱਤਿਆ ਕਰਨ ਵਾਲੇ ਨੂੰ ਉਮਰ ਭਰ ਲਈ ਰਹਿਣਾ ਪਵੇਗਾ ਜੇਲ ਵਿਚ, 45 ਸਾਲ ਪਹਿਲਾਂ ਨਹੀਂ ਹੋਵੇਗੀ ਪੈਰੋਲ ਉਪਰ ਰਿਹਾਈ



ਸਜ਼ਾ ਸੁਣਾਉਣ ਸਮੇ ਐਂਗਲੋ ਕੋਲੋਨ ਓਰਟਿਜ਼ ਅਦਾਲਤ ਵਿਚ ਵਕੀਲਾਂ ਵਿਚ ਘਿਰਿਆ ਹੋਇਆ ਨਜਰ ਆ ਰਿਹਾ ਹੈ।

ਸੈਕਰਾਮੈਂਟੋ, 30 ਅਕਤੂਬਰ (ਹੁਸਨ ਲੜੋਆ ਬੰਗਾ) - 27 ਸਾਲਾ ਗੂਗਲ ਮੁਲਾਜ਼ਮ ਵਾਨੇਸਾ ਮਾਰਕੋਟ ਦੀ ਹੱਤਿਆ ਕਰਨ ਦੇ ਦੋਸ਼ਾਂ ਤਹਿਤ ਵੋਰਸੈਸਟਰ ਵਾਸੀ 36 ਸਾਲਾ ਐਂਗਲੋ ਕੋਲੋਨ ਓਰਟਿਜ਼ ਨੂੰ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਈ ਗਈ ਹੈ। ਫੈਸਲਾ ਸੁਣਾਉਣ ਤੋਂ ਪਹਿਲਾਂ ਦੋਸ਼ੀ ਨੇ ਆਪਣਾ ਗੁਨਾਹ ਅਦਾਲਤ ਵਿਚ ਕਬੂਲ ਕਰ ਲਿਆ । ਵੋਰਸੈਸਟਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸ-ਾਰ ਦੂਜਾ ਦਰਜਾ ਕਤਲ ਤੇ ਲੁੱਟਮਾਰ ਦੇ ਦੋਸ਼ਾਂ ਤਹਿਤ ਸੁਣਾਈ ਸਜ਼ਾ ਅਨੁਸਾਰ ਦੋਸ਼ੀ 45 ਸਾਲ ਬਾਅਦ ਹੀ ਪੈਰੋਲ ਉਪਰ ਰਿਹਾਈ ਲਈ ਦਰਖਾਸਤ ਦੇ ਸਕੇਗਾ। ਮਾਰਕੋਟ ਨਿਊਯਾਰਕ ਵਿਚ ਗੂੱਗਲ ਦੇ ਦਫਤਰ ਵਿਚ ਅਕਾਊਂਟ ਮੈਨੇਜਰ ਸੀ ਜੋ ਪ੍ਰਿੰਸਟੋਨ, ਮਾਸਾਚੂਸੈਟਸ ਵਿਚ ਆਪਣੀ ਮਾਂ ਨੂੰ ਮਿਲਣ ਗਈ ਸੀ। 7 ਅਗਸਤ 2016 ਦੀ ਸ਼ਾਮ ਨੂੰ ਉਹ ਸੈਰ ਕਰਨ ਲਈ ਘਰ ਤੋਂ ਬਾਹਰ ਗਈ ਪਰੰਤੂ ਉਹ ਘਰ ਵਾਪਿਸ ਨਹੀਂ ਆਈ। ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਜਿਸ ਉਪਰੰਤ ਘਰ ਤੋਂ ਇਕ ਮੀਲ ਦੀ ਵੀ ਘੱਟ ਦੂਰੀ 'ਤੇ ਉਸ ਦੀ ਲਾਸ਼ ਬਰਾਮਦ ਹੋਈ ਸੀ। ਡਿਸਟ੍ਰਿਕਟ ਅਟਾਰਨੀ ਜੋਸਫ ਅਰਲੀ ਜੂਨੀਅਰ ਨੇ ਮਾਸਾਚੂਸੈਟਸ ਸਟੇਟ ਪੁਲਿਸ, ਪ੍ਰਿੰਸਟੋਨ ਪੁਲਿਸ ਤੇ ਅਸਿਸਟੈਂਟ ਡਿਸਟ੍ਰਿਕਟ ਅਟਰਾਨੀ ਵੱਲੋਂ ਮਾਮਲੇ ਦੀ ਜਾਂਚ ਤੇ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕੀਤੇ ਕੰਮ ਦੀ ਪ੍ਰਸੰਸਾ ਕੀਤੀ ਹੈ।










# ਅਗੇਤ ਭੁੱਲ ਕੇ ਪਛੇਤ ਦੀ ਲੀਹੇ ਪਏ ਪੰਜਾਬ ਬਾਰੇ ਸੋਚਣ ਦੀ ਥਾਂ ਅਸੀਂ ਰਿਸ਼ੀ ਸੁਨਕ ਬਾਰੇ ਸੋਚਿਆ ਕਰੀਏ





ਜਤਿੰਦਰ ਪੰਨੂ

ਅਸੀਂ ਪੰਜਾਬੀ ਲੋਕ ਵੀ ਅਤੇ ਪੰਜਾਬੀ ਮੀਡੀਆ ਵੀ ਬਹੁਤਾ ਕਰ ਕੇ ਉਨ੍ਹਾਂ ਖਬਰਾਂ ਵੱਲ ਕੰਨ ਕਰਦੇ ਹਾਂ, ਜਿਨ੍ਹਾਂ ਦਾ ਸੰਬੰਧ ਪੰਜਾਬ ਨਾਲ ਹੁੰਦਾ ਹੈ ਜਾਂ ਪੰਜਾਬੋਂ ਬਾਹਰਲੇ ਪੰਜਾਬੀਆਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਹੋ ਸਕਦਾ ਹੈ, ਜਾਂ ਫਿਰ ਜਿਨ੍ਹਾਂ ਦਾ ਅਸਰ ਪੰਜਾਬ ਅਤੇ ਪੰਜਾਬੀਆਂ ਉੱਤੇ ਪੈ ਸਕਦਾ ਹੈ। ਵਿਦੇਸ਼ ਵਿੱਚ ਕੋਈ ਭਾਰਤੀ ਮੂਲ ਦਾ ਅਤੇ ਭਾਰਤੀਆਂ ਵਿੱਚੋਂ ਵੀ ਪੰਜਾਬੀ ਮੂਲ ਦਾ ਕੋਈ ਰਿਸ਼ੀ ਸੁਨਕ ਆਪਣੇ ਦੇਸ਼ ਵਿੱਚ ਪ੍ਰਧਾਨ ਮੰਤਰੀ ਬਣ ਜਾਵੇ ਤਾਂ ਅਸੀਂ ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਇਸ ਗੱਲੋਂ ਖਹਿਬੜੀ ਜਾਂਦੇ ਹਾਂ ਕਿ ਉਹ ਪਾਕਿਸਤਾਨੀ ਪੰਜਾਬੀਆਂ ਲਈ ਮਾਣ ਦੀ ਗੱਲ ਹੈ ਜਾਂ ਭਾਰਤੀ ਪੰਜਾਬ ਦੇ ਲੋਕਾਂ ਦਾ ਮਾਣ ਵਧਿਆ ਹੈ!ਰਿਸ਼ੀ ਦਾ ਦਾਦਾ ਗੁੱਜਰਾਂਵਾਲੇ ਤੋਂ ਕੀਨੀਆ ਗਿਆ, ਓਥੋਂ ਇੰਗਲੈਂਡ ਜਾ ਵੜਿਆ ਤੇ ਓਥੋਂ ਦਾ ਪ੍ਰਧਾਨ ਮੰਤਰੀ ਬਣਿਆ ਇਹ ਮੁੰਡਾ ਉਸੇ ਦੇਸ਼ ਵਿੱਚ ਜੰਮਿਆ-ਪਲਿਆ ਹੋਣ ਕਾਰਨ ਜਮਾਂਦਰੂ ਬ੍ਰਿਟਸ਼ਰ ਹੈ। ਪਾਕਿਸਤਾਨ ਦੇ ਪੰਜਾਬੀ ਲੋਕ ਗੁੱਜਰਾਂਵਾਲੇ ਤੋਂ ਸਾਂਝ ਕੱਢਣ ਲੱਗ ਪਏ ਤੇ ਭਾਰਤੀ ਪੰਜਾਬੀ ਇਹ ਦੱਸਣ ਲੱਗ ਪਏ ਕਿ ਦੇਸ਼ ਵੰਡ ਵੇਲੇ ਰਿਸ਼ੀ ਸੁਨਕ ਦੇ ਦਾਦੇ ਦਾ ਪਰਵਾਰ ਭਾਰਤੀ ਪੰਜਾਬ ਦੇ ਕੇਂਦਰੀ ਸ਼ਹਿਰ ਲੁਧਿਆਣੇ ਆ ਗਿਆ ਸੀ। ਰਿਸ਼ੀ ਸੁਨਕ ਨੂੰ ਇਸ ਨਾਲ ਨਿੱਜੀ ਸਾਂਝ ਦੀ ਤੰਦ ਮਹਿਸੂਸ ਹੋ ਸਕਦੀ ਹੈ, ਪਰ ਕੰਮ ਉਸ ਦੇਸ਼ ਦੇ ਹਿੱਤਾਂ ਲਈ ਕਰੇਗਾ, ਜਿਸ ਦੇਸ਼ ਦੇ ਲੋਕਾਂ ਨੇ ਉਸ ਨੂੰ ਇਸ ਪੱਧਰ ਦਾ ਮਾਣ ਬਖਸ਼ਿਆ ਹੈ। ਅਸੀਂ ਰਿਸ਼ੀ ਸੁਨਕ ਦੀ ਅਤੇ ਉਸ ਦੇ ਮੁਲਕ ਦੀ ਗੱਲ ਕਰਨ ਦੀ ਥਾਂ ਇਹ ਸੋਚੀਏ ਕਿ ਸਾਨੂੰ ਆਪਣੇ ਰਾਜ ਦੇ ਵਿਕਾਸ ਨੂੰ ਬਰੇਕਾਂ ਲੱਗਣ ਦਾ ਝਟਕਾ ਵੀ ਮਹਿਸੂਸ ਨਹੀਂ ਸੀ ਹੋਇਆ।

ਸਾਡੇ ਸਾਹਮਣੇ ਭਾਰਤੀ ਰਿਜ਼ਰਵ ਬੈਂਕ ਦੀ ਜੀਅ ਪ੍ਰਤੀ ਆਮਦਨ ਵਾਲੀ ਰਿਪੋਰਟ ਪਈ ਹੈ, ਪੰਜਾਬ ਦੀ ਤਰੱਕੀ ਦਾ ਹਾਲ ਵੇਖਣਾ ਹੋਵੇ ਤਾਂ ਇਸ ਨਾਲੋਂ ਵੱਖ ਹੋਏ ਹਰਿਆਣਾ ਨਾਲ ਤੋਲ ਕੇ ਵੇਖਿਆਂ ਸਮਝ ਆ ਜਾਂਦੀ ਹੈ। ਸਾਲ 2000-01 ਵਿੱਚ ਹਰਿਆਣਾ ਦੀ ਜੀਅ ਪ੍ਰਤੀ ਸਾਲਾਨਾ ਆਮਦਨ 21105 ਰੁਪਏ ਅਤੇ ਪੰਜਾਬ ਦੀ 22745 ਹੁੰਦੀ ਸੀ। ਅਗਲੀ ਵਾਰ ਸਾਲ 2004-05 ਤੱਕ ਹਰਿਆਣਾ 37681 ਰੁਪਏ ਤੱਕ ਪਹੁੰਚ ਗਿਆ ਅਤੇ ਪੰਜਾਬ 32970 ਰੁਪਏ ਤੱਕ ਮਸਾਂ ਪਹੁੰਚ ਸਕਿਆ ਸੀ। ਸਾਲ 2010-11 ਵਿੱਚ ਹਰਿਆਣਾ 93852 ਰੁਪਏ ਸਾਲਾਨਾ ਤੱਕ ਪਹੁੰਚ ਗਿਆ ਤੇ ਪੰਜਾਬ ਹੋਰ ਪਛੜ ਕੇ 69582 ਰੁਪਏ ਸਾਲਾਨਾ ਤੱਕ ਪੁੱਜ ਸਕਿਆ ਸੀ। ਸਾਲ 2021-22 ਦੇ ਅੰਕੜੇ ਵੇਖੋ ਤਾਂ ਹਰਿਆਣਾ 2,74,635 ਰੁਪਏ ਪ੍ਰਤੀ ਜੀਅ ਆਮਦਨ ਵਾਲਾ ਰਾਜ ਬਣ ਗਿਆ, ਪਰ ਪੰਜਾਬ 1,62,112 ਰੁਪਏ ਪ੍ਰਤੀ ਜੀਅ ਆਮਦਨ ਦੇ ਅੰਕੜਿਆਂ ਨਾਲ ਭਾਰਤ ਦੇ ਸਭ ਤੋਂ ਪਛੜੇ ਰਾਜਾਂ ਵਿੱਚ ਲਿਖਣ ਜੋਗਾ ਹੋ ਕੇ ਰਹਿ ਗਿਆ। ਹਿਮਾਚਲ ਪ੍ਰਦੇਸ਼ ਵੀ 2,01,854 ਵਾਲੇ ਅੰਕੜੇ ਨਾਲ ਪੰਜਾਬ ਤੋਂ ਅੱਗੇ ਹੈ। ਇਹ ਸਾਰਾ ਕੁਝ ਜਦੋਂ ਵਾਪਰ ਰਿਹਾ ਸੀ, ਲੋਕਾਂ ਦੀ ਆਮਦਨ ਘਟਦੀ ਜਾਂਦੀ ਸੀ ਤੇ ਲੋਕਤੰਤਰ ਵਿੱਚ ਰਾਜਿਆਂ ਵਰਗੀ ਐਸ਼ ਕਰਨ ਵਾਲੇ ਲੀਡਰਾਂ ਦੀ ਆਮਦਨ ਤੇ ਜਾਇਦਾਦ ਵਧਦੀਆਂ ਜਾਂਦੀਆਂ ਸਨ, ਵਿਗਾੜ ਦੇ ਇਸ ਦੌਰ ਵਿੱਚ ਅਸੀਂ-ਤੁਸੀਂ ਸਾਰੇ ਲੋਕ ਏਥੇ ਹੀ ਸਾਂ, ਸਾਨੂੰ ਕਿਸੇ ਨੂੰ ਪਤਾ ਹੀ ਨਹੀਂ ਸੀ ਲੱਗਾ। ਖੂਨ ਚੂਸਣ ਵਾਲਿਆਂ ਨੇ ਇਸ ਤਰ੍ਹਾਂ ਦੇ ਟੀਕੇ ਲਾ ਕੇ ਖੂਨ ਖਿੱਚਿਆ ਕਿ ਅਸੀਂ ਉਨ੍ਹਾਂ ਦੀ ਜੁਗਤਬੰਦੀ ਨੂੰ ਸਮਝ ਹੀ ਨਹੀਂ ਸੀ ਸਕੇ।

ਪੰਜਾਬ ਦੀ ਅਜੋਕੀ ਸਰਕਾਰ ਕਿਹੜਾ ਕੱਦੂ ਵਿੱਚ ਤੀਰ ਮਾਰ ਦੇਵੇਗੀ, ਇਸ ਦਾ ਪਤਾ ਸਾਨੂੰ ਅਗਲੇ ਸਾਲ ਅੰਕੜੇ ਆਉਣ ਉੱਤੇ ਲੱਗੇਗਾ। ਇਹ ਸਰਕਾਰ ਕੋਈ ਕੰਮ ਕਰਦੀ ਹੈ ਤਾਂ ਉਸ ਬਾਰੇ ਲੋਕਾਂ ਵਿੱਚ ਚੰਗਾ ਪ੍ਰਭਾਵ ਹੋਣ ਦੇ ਬਾਵਜੂਦ ਇਸ ਦੀਆਂ ਵਿਰੋਧੀ ਧਿਰਾਂ ਉਨ੍ਹਾਂ ਕੰਮਾਂ ਵਿੱਚ ਨੁਕਸ ਕੱਢਦੀਆਂ ਹਨ ਤੇ ਇਹ ਉਨ੍ਹਾਂ ਦਾ ਹੱਕ ਹੈ। ਕੱਢਣ ਦਿਓ। ਕੁਝ ਕੰਮ ਇਹੋ ਜਿਹੇ ਵੀ ਸਰਕਾਰ ਕਰਦੀਹੈ, ਜਿਹੜੇ ਚੰਗੇਤਾਂ ਹਨ, ਪਰ ਇਸ ਨੇਸੁਰੂ ਨਹੀਂ ਕਰਵਾਏ, ਪਿਛਲੀਆਂ ਸਰਕਾਰਾਂ ਨੇ ਸੁਰੂ ਕਰਾਏ ਸਨ, ਪਰ ਆਪਣਿਆਂ ਨੂੰ ਸੇਕ ਲੱਗਣ ਲੱਗਾ ਤਾਂ ਬਰੇਕਾਂ ਲਾ ਦਿੱਤੀਆਂ ਸਨ, ਹਾਲਾਂਕਿ ਕਾਨੂੰਨ ਮੁਤਾਬਕ ਉਹ ਕੰਮ ਰੋਕੇ ਨਹੀਂ ਸਨ ਜਾ ਸਕਦੇ ਤੇ ਰੋਕਣੇ ਵੀ ਨਹੀਂ ਸੀ ਚਾਹੀਦੇ। ਮਿਸਾਲ ਵਜੋਂ ਭ੍ਰਿਸ਼ਟਾਚਾਰ ਦੇਵਿਰੁੱਧ ਕਾਰਵਾਈ ਦਾ ਮੁੱਦਾ ਸੀ, ਇਸ ਬਾਰੇ ਪਿਛਲੀ ਕਾਂਗਰਸੀ ਸਰਕਾਰ ਨੇ ਵਿਜੀਲੈਂਸ ਬਿਊਰੋ ਨੂੰ ਹੁਕਮ ਦਿੱਤੇ ਸਨ, ਪਰ ਜਦੋਂ ਸਾਰਾ ਕੱਚਾ ਚਿੱਠਾ ਲੱਭ ਜਾਂਦਾ ਸੀ ਤਾਂ ਬੁੱਕਲ ਵਿੱਚ ਰੋੜੀ ਭੰਨਣ ਵਾਂਗ ਅੰਦਰ-ਖਾਤੇ ਦੇ ਲੈਣ-ਦੇਣ ਕਰ ਕੇ ਫਾਈਲ ਠੱਪ ਕਰ ਦਿੱਤੀ ਜਾਂਦੀ ਸੀ। ਓਦੋਂ ਵਾਲੇ ਉਹ ਸਾਰੇ ਕੇਸ ਇਸ ਵਕਤ ਦੀ ਸਰਕਾਰ ਨੇ ਕੱਢ ਕੇ ਅੱਗੇ ਕਾਰਵਾਈ ਸ਼ੁਰੂ ਕੀਤੀ ਹੈ, ਪਰ ਸ਼ੁਰੂ ਹੀ ਕੀਤੀ ਹੈ, ਜਦੋਂ ਤੱਕ ਸਿਰੇ ਨਹੀਂ ਲੱਗ ਜਾਂਦੀ, ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲ ਜਾਂਦੀਆਂ, ਆਮ ਲੋਕਾਂ ਨੂੰ ਇਹੀ ਸੰਸਾ ਰਹੇਗਾ ਕਿ ਕਿਸੇ ਦਾ ਕੱਖ ਵਿਗੜਨਾ ਨਹੀਂ, ਚਾਰ ਦਿਨ ਰੌਲਾ-ਰੱਪਾ ਪੈ ਕੇ ਫਿਰ ਸਭ ਕੁਝ ਆਮ ਵਰਗਾ ਹੋ ਜਾਊਗਾ ਤੇ ਦੋਸ਼ੀ ਮੁੱਛਾਂ ਨੂੰ ਤਾਅ ਦੇ ਕੇ ਸ਼ਿਕਾਇਤ ਕਰਨ ਵਾਲਿਆਂ ਅਤੇ ਗਵਾਹਾਂ ਨੂੰ ਧਮਕੀਆਂ ਦੇਂਦੇ ਫਿਰਨਗੇ।

ਇਹੋ ਜਿਹਾ ਇੱਕ ਕੇਸ ਇਸ ਵੇਲੇ ਪਿੰਡਾਂ ਦੀਆਂ ਸ਼ਾਮਲਾਟਾਂ ਬਾਰੇ ਚਰਚਾ ਵਿੱਚ ਹੈ। ਪੰਜਾਬ ਦੇ ਲਗਭਗ ਹਰ ਪਿੰਡ ਵਿੱਚ ਏਦਾਂ ਦੀ ਕੋਈ ਨਾ ਕੋਈ ਸ਼ਾਮਲਾਟ ਹੁੰਦੀ ਹੈ, ਉਨ੍ਹਾਂ ਵਿੱਚੋਂ ਬਹੁਤੀਆਂ ਉੱਤੇ ਜ਼ੋਰਾਵਰਾਂ ਨੇ ਪਹਿਲਾਂ ਕਿਸੇ ਹੋਰ ਦਾ ਕਬਜ਼ਾ ਕਰਵਾਇਆ, ਫਿਰ ਉਸ ਦੇ ਨਾਂਅ ਦੀ ਗਿਰਦਾਵਰੀ ਕਰਵਾਈ ਤੇ ਉਸ ਤੋਂ ਕਿਸੇ ਹੋਰ ਨੂੰ ਵਿਕਵਾਉਣ ਪਿੱਛੋਂ ਖੁਦ ਖਰੀਦ ਲਈਆਂ ਸਨ। ਸਾਰੀ ਖਰੀਦੋ-ਫਰੋਖਤ ਕਾਗਜ਼ਾਂ ਵਿੱਚ ਹੁੰਦੀ ਸੀ, ਜਿਨ੍ਹਾਂ ਲੋਕਾਂ ਦੇ ਨਾਂਅ ਚੜ੍ਹਦੀ ਸੀ, ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਹੁੰਦਾ ਅਤੇ ਤੀਸਰੇ ਥਾਂ ਜਿਸ ਦੇ ਨਾਂਅ ਜਾਇਦਾਦ ਚੜ੍ਹ ਜਾਂਦੀ, ਉਸ ਕੋਲ ਸਬੂਤ ਆ ਜਾਂਦਾ ਸੀ ਕਿ ਮੈਂ ਕੁਝ ਗਲਤ ਨਹੀਂ ਕੀਤਾ, ਤੀਸਰੇ ਥਾਂ ਜਾਇਦਾਦ ਖਰੀਦੀ ਹੈ, ਗਲਤੀ ਹੈ ਤਾਂ ਪਹਿਲੇ ਦੋ ਜਾਣਦੇ ਹੋਣਗੇ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੇੜਲੇ ਪਿੰਡਾਂ ਦੀਆਂ ਸ਼ਾਮਲਾਟਾਂ ਵਿੱਚ ਏਦਾਂ ਦੀ ਹੇਰਾਫੇਰੀ ਵੱਡੇ ਸਿਆਸੀ ਲੀਡਰਾਂ ਅਤੇ ਅਧਿਕਾਰੀਆਂ ਨੇ ਕੀਤੀ ਹੋਣ ਦੇ ਚਰਚੇ ਹੁੰਦੇ ਸਨ, ਪਰ ਕਦੇ ਸਬੂਤ ਨਹੀਂ ਸਨ ਮਿਲਦੇ। ਸਾਲ 2012 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾ ਕੇ ਸਮੁੱਚੇ ਮਾਮਲੇ ਦੀ ਜਾਂਚ ਦਾ ਕੰਮ ਉਨ੍ਹਾਂ ਨੂੰ ਸੌਂਪ ਦਿੱਤਾ। ਜਦੋਂ ਇਸ ਕਮੇਟੀ ਦੀ ਰਿਪੋਰਟ ਆਈ ਤਾਂ ਹੈਰਾਨੀ ਵਾਲੀ ਸੀ। ਕਰੀਬ ਡੇਢ ਦਰਜਨ ਜ਼ੋਰਾਵਰਾਂ, ਲੀਡਰਾਂ ਅਤੇ ਸਾਬਕਾ ਅਧਿਕਾਰੀਆਂ ਵੱਲ ਇਸ਼ਾਰਾ ਕੀਤਾ ਗਿਆ ਸੀ ਕਿ ਕਰੋੜਾਂ ਦੀ ਜਾਇਦਾਦ ਕੌਡੀਆਂ ਦੇ ਭਾਅ ਕਬਜ਼ੇ ਵਿੱਚ ਕਰੀ ਬੈਠੇ ਹਨ। ਇਨ੍ਹਾਂ ਵਿੱਚ ਜਿਹੜੇ ਸੱਠ ਬਹੁਤ ਵੱਡੇ ਵੀ ਵੀ ਆਈ ਪੀਜ਼ ਦੇ ਨਾਂਅ ਸਨ, ਉਨ੍ਹਾਂ ਵਿੱਚ ਪੰਜਾਬ ਦੇ ਅੱਠ ਵੱਡੇ ਰਾਜਸੀ ਪਰਵਾਰਾਂ ਦੇ ਨਾਂਅ ਵੀ ਸਨ। ਇਹ ਸਿਆਸਤ ਦੇ ਅੱਠ ਵੱਡੇ ਘਰਾਣੇ ਕੌਣ ਸਨ, ਅਜੇ ਤੱਕ ਲੋਕ ਨਹੀਂ ਜਾਣ ਸਕੇ, ਪਰ ਜਿਹੜੇ ਕਦਮ ਮੌਜੂਦਾ ਪੰਜਾਬ ਸਰਕਾਰ ਚੁੱਕਣ ਲੱਗੀ ਹੈ, ਉਸ ਦੇ ਨਾਲ ਇਹ ਵੀ ਲੋਕਾਂ ਨੂੰ ਪਤਾ ਲੱਗ ਜਾਵੇਗਾ। ਕਾਨੂੰਨ ਦੀ ਪਾਲਣਾ ਕੀਤੀ ਜਾਂਦੀ ਤਾਂ ਇਹ ਕੰਮ ਬੜਾ ਚਿਰ ਪਹਿਲਾਂ ਹੋਇਆ ਹੋਣਾ ਚਾਹੀਦਾ ਸੀ, ਪਰ ਕਿਸੇ ਨੇ ਕੀਤਾ ਨਹੀਂ ਸੀ, ਪੰਜਾਬ ਦੀ ਨਵੀਂ ਸਰਕਾਰ ਇਸ ਲਈ ਕਰਨ ਲੱਗੀ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ ਇਸ ਬਾਰੇ ਬੀਤੀ ਸੱਤ ਅਪਰੈਲ ਨੂੰ ਇੱਕ ਹੁਕਮ ਦੇ ਦਿੱਤਾ ਸੀ ਕਿ ਸ਼ਾਮਲਾਟਾਂ ਦੀ ਵੰਡ ਤੇ ਅੱਗੇ ਵੇਚ-ਖਰੀਦ ਨਹੀਂ ਹੋ ਸਕਦੀ, ਹੋਈ ਵੀ ਹੋਵੇ ਤਾਂ ਉਹ ਵਾਪਸ ਪੰਚਾਇਤਾਂ ਦੇ ਨਾਂਅ ਕਰ ਦਿੱਤੀ ਜਾਵੇ।

ਸਾਨੂੰ ਹਾਲੇ ਪਤਾ ਨਹੀਂ ਕਿ ਹਰਿਆਣਾ ਸਰਕਾਰ ਨੇ ਇਹ ਕੇਸ ਜਿੱਤਣ ਪਿੱਛੋਂ ਇਸ ਦੇ ਅਮਲ ਦੀ ਕਾਰਵਾਈ ਸ਼ੁਰੂ ਕੀਤੀ ਹੈ ਜਾਂ ਨਹੀਂ ਤੇ ਜੇ ਕੀਤੀ ਤਾਂ ਕਿੰਨੀ ਕੀਤੀ ਹੈ, ਪਰ ਪੰਜਾਬ ਸਰਕਾਰ ਨੇ ਇਸ ਉੱਤੇ ਅਮਲਦਾ ਕੰਮ ਆਰੰਭ ਕਰ ਦਿੱਤਾ ਹੈ। ਪੰਜਾਬ ਦੇ ਮਾਲ ਵਿਭਾਗ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਭਿਜਵਾ ਦਿੱਤੇ ਹਨ ਕਿ ਸ਼ਾਮਲਾਟ ਤੇ ਜੁਮਲਾ ਮੁਸ਼ਤਰਕਾ ਮਾਲਕਾਨ ਖਾਤੇ ਵਾਲੀਆਂ ਜ਼ਮੀਨਾਂ ਦੇ ਜਿਹੜੇ ਇੰਤਕਾਲ ਕਿਸੇ ਵੀ ਸਮੇਂ ਬਦਲੇ ਗਏ ਸਨ, ਉਹ ਸਾਰੇ ਵਾਪਸ ਪੰਚਾਇਤਾਂ ਦੇ ਨਾਂਅ ਕਰਵਾਏ ਜਾਣ। ਚਿੱਠੀ ਵਿੱਚ ਇਹ ਗੱਲ ਵੀ ਹੈ ਕਿ ਜਿਹੜੀਆਂ ਪੰਚਾਇਤਾਂ ਸਮੇਂ ਦੇ ਨਾਲ ਸ਼ਹਿਰਾਂ ਦੀ ਹੱਦ ਵਿੱਚ ਆ ਜਾਣ ਕਾਰਨ ਅੱਜ ਹੋਂਦ ਵਿੱਚ ਨਹੀਂ ਹਨ, ਉਨ੍ਹਾਂ ਹੇਠਲੀ ਏਦਾਂ ਦੀ ਜਾਇਦਾਦ ਵੀ ਪਹਿਲਾਂ ਉਨ੍ਹਾਂ ਪੰਚਾਇਤਾਂ ਦੇ ਨਾਂਅ ਚੜ੍ਹਾਉਣ ਦੇ ਬਾਅਦ ਉਨ੍ਹਾਂ ਦੀ ਮੌਜੂਦਾ ਸਥਿਤੀ ਵਾਲੇ ਸ਼ਹਿਰਾਂ ਦੀਆਂ ਕੌਂਸਲਾਂ ਜਾਂ ਕਾਰਪੋਰੇਸ਼ਨਾਂ ਆਦਿ ਦੇ ਨਾਂਅ ਚੜ੍ਹਾ ਦਿੱਤੀ ਜਾਵੇ। ਇੱਕ ਗੱਲ ਇਹ ਕਹੀ ਜਾ ਰਹੀ ਹੈ ਕਿ ਜਿਨ੍ਹਾਂ ਜ਼ੋਰਾਵਰਾਂ ਨੇ ਬੀਤੇ ਸਮਿਆਂ ਵਿੱਚ ਏਦਾਂ ਦੀ ਜਾਇਦਾਦ ਕਬਜ਼ੇ ਵਿੱਚ ਕਰ ਕੇ ਕੋਠੀਆਂ ਅਤੇ ਮਹਿਲ ਉਸਾਰ ਲਏ ਸਨ, ਉਹ ਅੱਗੋਂ ਅਦਾਲਤਾਂ ਵਿੱਚ ਵੀ ਜਾ ਸਕਦੇ ਹਨ। ਸੁਪਰੀਮ ਕੋਰਟ ਤੋਂ ਵੱਡੀ ਅਦਾਲਤ ਭਾਰਤ ਵਿੱਚ ਕੋਈ ਹੈ ਹੀ ਨਹੀਂ। ਪੰਜਾਬ ਦੇ ਮਾਲ ਵਿਭਾਗ ਨੇ ਇਹ ਗੱਲ ਲਿਖ ਦਿੱਤੀ ਹੈ ਕਿ ਏਦਾਂ ਦਾ ਕੋਈ ਕੇਸ ਅਦਾਲਤਾਂ ਵਿੱਚ ਚੱਲਦਾ ਹੋਵੇ ਤਾਂ ਸੁਪਰੀਮ ਕੋਰਟ ਦੇ ਫੈਸਲੇ ਦੀ ਕਾਪੀ ਨਾਲ ਲਾ ਕੇ ਐਫੀਡੇਵਿਟ ਉਸ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਅਤੇ ਕੇਸਬੰਦ ਕਰਵਾ ਦਿੱਤਾ ਜਾਵੇ। ਇਸ ਨਾਲ ਰਾਹ ਖੁੱਲ੍ਹ ਗਿਆ ਹੈ।

ਸਵਾਲ ਫਿਰ ਇਹ ਪੈਦਾ ਹੁੰਦਾ ਹੈ ਕਿ ਅਸੀਂ ਪੰਜਾਬੀ ਦੁਨੀਆ ਭਰ ਦੀਆਂ ਖਬਰਾਂ ਜਾਣਨ-ਸਮਝਣ ਦੇ ਬਹੁਤ ਵੱਡੇ ਦਾਅਵੇ ਕਰਦੇ ਹਾਂ, ਪਰ ਪੰਜਾਬ ਦੇ ਲੋਕਾਂ ਦੀ ਸਾਂਝੀ ਮਾਲਕੀ ਵਾਲੀ ਜਾਇਦਾਦ ਚੋਣਵੇਂ ਜ਼ੋਰਾਵਰਾਂ ਦੇ ਪਰਵਾਰ ਹੜੱਪਦੇ ਰਹੇ, ਸਾਨੂੰ ਪਤਾ ਕਿਉਂ ਨਹੀਂ ਸੀ ਲੱਗਾ ਅਤੇ ਜੇ ਲੱਗਾ ਸੀ ਤਾਂ ਅਸੀਂ ਚੁੱਪ ਕਿਉਂ ਕੀਤੇ ਰਹੇ! ਇਸ ਦਾ ਜਵਾਬ ਲੱਭਣ ਦਾ ਯਤਨ ਕਰਾਂਗੇ ਤਾਂ ਸਾਨੂੰ ਸਮਝ ਆ ਜਾਵੇਗਾ ਕਿ ਜਿਹੜਾ ਪੰਜਾਬ ਜੀਅ ਪ੍ਰਤੀ ਸਾਲਾਨਾ ਆਮਦਨ ਵਿੱਚ ਸਾਲ 2004-05 ਵਿੱਚ ਹਰਿਆਣਾ ਵਾਲੇ 21105 ਰੁਪਏ ਦੇ ਮੁਕਾਬਲੇ 22745 ਰੁਪਏ ਦੇ ਅੰਕੜੇ ਨਾਲ ਅੱਗੇ ਚੱਲਦਾ ਸੀ, ਫਿਰ ਪਛੜਦਾ ਕਿਉਂ ਗਿਆ ਸੀ? ਪਛੜਿਆ ਵੀ ਥੋੜ੍ਹਾ ਨਹੀਂ, ਸਗੋਂ ਸਾਲ 2021-22 ਤੱਕ ਗਵਾਂਢੀ ਹਰਿਆਣਾ ਦੇ 2,74,635 ਰੁਪਏ ਦੇ ਮੁਕਾਬਲੇ ਪੰਜਾਬ 1,62,112 ਦੀ ਲਕੀਰ ਉੱਤੇ ਨੀਵੀਂਆਂ ਪਾਈ ਬੈਠਾ ਹੈ। ਇਸ ਰਾਜ ਦੇ ਪੁਰਾਣੇ ਦਿਨ ਬਹਾਲ ਕਰਨ ਦਾ ਸੁਫਨਾ ਲੈਣਾ ਹੈ ਤਾਂ ਪੰਜਾਬ ਦੇ ਲੋਕਾਂ ਨੂੰ ਅਜੋਕੀਆਂ ਜਾਂ ਪਿਛਲੀਆਂ ਸਰਕਾਰਾਂ ਦੀ ਤੁਲਨਾ ਕਰਨ ਦੀ ਥਾਂ ਪੰਜਾਬ ਵਿੱਚ ਫੈਲਦੇ ਜਾਂਦੇ ਉਸ ਲੁਕਵੇਂ ਭ੍ਰਿਸ਼ਟਾਚਾਰ ਬਾਰੇ ਸੋਚਣਾ ਅਤੇ ਬੋਲਣਾ ਪਵੇਗਾ, ਜਿਸ ਨੇ ਇਸ ਦੀ ਅਗੇਤ ਨੂੰ ਮਹਾਂ-ਪਛੇਤ ਵਿੱਚ ਬਦਲ ਦਿੱਤਾ ਹੈ। ਓਨਾ ਚਿਰ ਸਾਡੇ ਲਈ ਇਹੋ ਚਰਚਾ ਕਰ ਲਈ ਬਹੁਤ ਹੈ ਕਿ ਵਲੈਤ ਦੇ ਲੋਕਾਂ ਨੇ ਜਿਸ ਹੋਣਹਾਰ ਨੌਜਵਾਨ ਨੂੰ ਉਸ ਦੀ ਯੋਗਤਾ ਕਾਰਨ ਆਪਣਾ ਪ੍ਰਧਾਨ ਮੰਤਰੀ ਚੁਣ ਲਿਆ ਹੈ, ਉਹ ਭਾਰਤੀ ਪੰਜਾਬ ਦਾ ਗਿਣਿਆ ਜਾਣਾ ਚਾਹੀਦੈ ਕਿ ਪਾਕਿਸਤਾਨੀ ਪੰਜਾਬੀ ਮੂਲ ਦਾ ਮੰਨ ਲੈਣਾ ਚਾਹੀਦੈ! ਸਾਡੇ ਪੰਜਾਬ ਦੇ ਲੋਕਾਂ ਨੇ ਇਸ ਸਾਲ ਜਿਹੜੀ ਸਰਕਾਰ ਚੁਣੀ ਸੀ, ਉਹ ਕੀ ਕਰ ਕੇ ਵਿਖਾਉਂਦੀ ਹੈ ਜਾਂ ਕੀ ਚੰਦ ਚਾੜ੍ਹਦੀ ਹੈ, ਇਸ ਦੀ ਰਿਪੋਰਟ ਭਾਰਤੀ ਰਿਜ਼ਰਵ ਬੈਂਕ ਨੇ ਜਦੋਂ ਅਗਲੇ ਸਾਲ ਸਾਡੇ ਸਾਹਮਣੇ ਰੱਖੀ, ਉਸ ਨੂੰ ਵੇਖਣ ਦਾ ਸਮਾਂ ਵੀ ਓਦੋਂ ਸਾਡੇ ਕੋਲ ਫਿਰ ਨਹੀਂ ਹੋਣਾ।

# ਫਿਰਕਾਪ੍ਰਸਤੀ- ਵੱਧਦਾ ਸਮਾਜਿਕ ਪਾੜਾ

ਸਾਡਾ ਦੇਸ਼ ਪੂਰੀ ਦੁਨੀਆ ਚ ਅਪਵਾਦ ਏ, ਜਿੱਥੇ ਆਧੁਨਿਕਤਾ ਤੇ ਸੰਚਾਰ ਕ੍ਰਾਂਤੀ ਤੋਂ ਬਾਅਦ, ਧਾਰਮਿਕ ਕੱਟੜਵਾਦ ਤੇ ਫਿਰਕਾਪ੍ਰਸਤੀ ਕਾਰਨ ਆਪਸੀ ਸਮਾਜਿਕ ਪਾੜਾ ਘੱਟਣ ਦੀ ਥਾਂ, ਵੱਧਿਆ ਏ, ਸਾਡੇ ਦੇਸ਼ ਚ ਚੋਣਾਂ ਦੇ ਸਮੇਂ ਇਕਦਮ ਈ, ਫਿਰਕੂ ਹਾਲਾਤ ਬਦਲ ਜਾਂਦੇ ਨੇਂ। ਦੇਸ਼ ਚ ਹਰੇਕ ਧਰਮ, ਖੇਤਰ ਤੇ ਜਾਤੀ ਚ ਫਿਰਕਾਪ੍ਰਸਤੀ ਚ ਵਾਧਾ ਹੋਇਆ ਹੈ, ਸਾਡਾ ਸੂਬਾ ਪੰਜਾਬ ਵੀ ਧਾਰਮਿਕ ਕੱਟੜਵਾਦ ਤੇ ਫਿਰਕਾਪ੍ਰਸਤੀ ਵੱਲ ਲਗਾਤਾਰ ਵੱਧਦਾ ਜਾਂਦਾ ਪ੍ਰਤੀਤ ਹੋ ਰਿਹਾ ਏ। ਪਿਛਲੇ ਕੁਝ ਕੁ ਸਾਲਾਂ ਚ, ਵੱਡੀਆਂ ਤੇ ਖੇਤਰੀ ਰਾਜਨੀਤਕ ਪਾਰਟੀਆਂ ਦੇ ਨਿੱਜੀ ਹਿੱਤ, ਦੇਸ਼ਵਿਰੋਧੀ ਤਾਕਤਾਂ ਦੇ ਗੁਪਤ ਏਜੰਡੇ, ਪੱਖਪਾਤੀ ਮੀਡੀਆ, ਨੌਜਵਾਨ ਵਰਗ ਦੀ ਨਿਰਪੱਖ ਤੇ ਸੱਚੇ ਸਾਹਿਤ ਤੋਂ ਦੂਰੀ, ਵੋਟਬੈਂਕ ਦੀ ਘਟੀਆ ਰਾਜਨੀਤੀ, ਵੱਖਵਾਦੀਆਂ ਦੇ ਮਨਘੜ੍ਹਤ ਪ੍ਰਚਾਰ ਤੇ ਉਪਰੋਂ ਸੋਸ਼ਲ ਮੀਡੀਆ ਦੇ ਤੜਕੇ ਕਾਰਨ ਸਮਾਜਿਕ ਦੂਰੀ ਚ ਵਾਧਾ ਹੋਇਆ ਏ। ਇੰਨਾਂ ਤਾਕਤਾਂ ਦੇ ਜਾਲ ਚ ਆਏ ਲੋਕ, ਫੇਸਬੁੱਕ, ਵਟਸਐਪ ਤੇ ਯੂ ਟਿਊਬ ਰਾਹੀਂ ਪ੍ਰਾਪਤ ਤੱਥਹੀਣ-ਅਰਥਹੀਣ ਝੂਠੇ ਅਖੌਤੀ ਗਿਆਨ ਨੂੰ, ਹਨੇਰੀ ਵਾਂਗ ਫੈਲਾ ਕੇ, ਆਪਣੇ ਆਪ ਨੂੰ ਸਕੋਲਰ ਸਿੱਧ ਕਰਨ ਹਿੱਤ, ਆਪਸੀ ਭਾਈਚਾਰਕ ਸਾਂਝ ਨੂੰ ਖਤਮ ਕਰਨ ਚ, ਸਿੱਧਾ-ਅਸਿੱਧਾ ਯੋਗਦਾਨ ਪਾ ਰਹੇ ਹਨ। ਸਾਡਾ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਪਰ ਇੱਥੇ ਚੋਣਾਂ ਜਿੱਤਣ ਦਾ ਰਸਤਾ ਵਿਕਾਸ ਦੀ ਥਾਂ, ਧਾਰਮਿਕ ਸਥਾਨਾਂ ਤੋਂ ਨਿਕਲਦਾ ਏ, ਸਾਡੇ ਦੇਸ਼ ਦੀ ਕਿਸੇ ਵੀ ਰਾਜਨੀਤਕ ਪਾਰਟੀ ਨੂੰ, ਧਰਮ ਦੀ ਰਾਜਨੀਤੀ ਤੋਂ ਅਛੂਤੀ ਨਹੀਂ ਕਿਹਾ ਜਾ ਸਕਦਾ। ਇਸ ਸਮੇਂ ਦੇਸ਼ ਚ ਕਈ ਪ੍ਰਦੇਸ਼ਾਂ ਦੀਆਂ ਚੋਣਾਂ ਸਿਰ ਤੇ ਹਨ ਤਾਂ ਨਫਰਤ ਦਾ ਮਾਹੌਲ ਭੱਖਦਾ ਜਾ ਰਿਹਾ ਏ, ਜਿੱਥੇ ਰਾਸ਼ਟਰੀ ਪਾਰਟੀਆਂ ਦੇ ਵੱਡੇ ਲੀਡਰ ਇਸ ਸਮੇਂ ਆਪਣੀਆਂ ਵਿਵਾਦਤ ਕਿਤਾਬਾਂ ਤੇ ਸੰਪਰਦਾਇਕ ਬਿਆਨਾਂ ਰਾਹੀਂ, ਫਿਰਕਾਪ੍ਰਸਤੀ ਦੀ ਚੰਗਿਆੜੀ ਨੂੰ ਅੱਗ ਚ ਬਦਲ ਰਹੇ ਨੇਂ, ਉਥੇ ਹੀ ਮੀਡੀਆ ਵੀ ਆਪਣੇ ਪੱਖਪਾਤੀ ਰਵੱਈਏ ਕਾਰਨ, ਆਪਣੀ ਸਾਖ ਲਗਾਤਾਰ ਗਿਰਾ ਰਿਹਾ ਹੈ। ਸੱਤਾ ਪ੍ਰਾਪਤੀ ਲਈ, ਆਪਸੀ ਨਫਰਤ ਵਧਾਉਣ ਦਾ ਕੰਮ, ਵੱਡੇ ਰਾਜਨੀਤਕ ਦਲ, ਆਪਣੇ ਆਈ ਟੀ ਸੈਲਾਂ ਤੇ ਹੋਰ ਮੀਡੀਆ ਅਦਾਰਿਆਂ ਰਾਹੀਂ, ਲਗਾਤਾਰ ਪ੍ਰਾਯੋਜਿਤ ਤੇ ਇਕ ਪਾਸੜ ਖਬਰਾਂ ਦਿਖਾ ਕੇ, ਆਮ ਲੋਕਾਂ ਨੂੰ ਭੜਕਾਉਣ ਦਾ ਅਪਵਿੱਤਰ ਕਾਰਜ, ਬੇਸ਼ਰਮੀ ਨਾਲ ਨੇਪਰੇ ਚਾੜਦੇ ਹਨ, ਜਿਸ ਕਾਰਨ ਆਮ ਲੋਕ ਰਾਜਨੀਤਕ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਆਪਸੀ ਵੰਡੀਆਂ ਪਾ ਲੈਂਦੇ ਨੇਂ। ਸਾਡੇ ਦੇਸ਼ ਚ ਇਕ ਹੋਰ ਵੀ ਬਹੁਤ ਵੱਡੀ ਸਮੱਸਿਆ ਏ, ਇੱਥੇ ਧਰਮ-ਨਿਰਪੱਖ ਅਖਵਾਉਣ ਲਈ, ਤੁਹਾਨੂੰ ਕਿਸੇ ਧਰਮ ਵਿਸ਼ੇਸ਼ ਪ੍ਰਤਿ ਸੋਫਟ ਕਾਰਨਰ ਰੱਖਣਾ ਜਰੂਰੀ ਏ, ਨਹੀਂ ਤਾਂ ਤੁਹਾਡੇ ਤੇ ਕਿਸੇ ਧਰਮ ਵਿਸ਼ੇਸ਼ ਦੇ ਧਾਰਮਿਕ ਸੰਗਠਨ ਦੇ, ਕਾਰਜਕਰਤਾ ਹੋਣ ਦਾ ਦੋਸ਼ ਤੁਰੰਤ ਈ ਮੜ੍ਹ ਦਿੱਤਾ ਜਾਵੇਗਾ। ਸਾਡੇ ਦੇਸ਼ ਚ ਜਿੱਥੇ ਸੰਪਰਦਾਇਕਤਾ ਹਰੇਕ ਰਾਜਨੀਤਕ ਪਾਰਟੀ ਦਾ ਸ਼ਿੰਗਾਰ ਏ, ਉਥੇ ਹੀ ਜਿਆਦਾਤਰ ਬੁਧੀਜੀਵੀ ਵਰਗ ਵੀ ਆਪਣੀ ਨਿਜੀ ਪਸੰਦ ਅਨੁਸਾਰ ਹਰੇਕ ਘਟਨਾ ਤੇ ਆਪਣਾ ਸਿਲੈਕਟਿਵ ਪ੍ਰਤੀਕਰਮ ਦਿੰਦੇ ਹਨ, ਕੁਝ ਕੁ ਅਖੌਤੀ ਬੁੱਧੀਜੀਵੀ ਤਾਂ ਰਾਜਨੀਤਕ ਪਾਰਟੀਆਂ ਦਾ ਵਿਰੋਧ ਕਰਨ ਦੀ ਥਾਂ ਦੇਸ਼ ਦਾ ਵਿਰੋਧ ਕਰਨ ਤੀਕ ਜਾ ਰਹੇ ਨੇਂ, ਤਾਂ ਜੋ ਉਹਨਾਂ ਦੀ ਵੱਧ ਤੋਂ ਵੱਧ ਮਸ਼ਹੂਰੀ ਹੋਵੇ। ਪਿੱਛੇ ਜਿਹੇ ਸਾਡੇ ਦੇਸ਼ ਦੀ ਕ੍ਰਿਕਟ ਟੀਮ ਦੇ ਪਾਕਿਸਤਾਨ ਨਾਲ ਹੋਏ ਮੈਚ ਚ, ਪਾਕਿਸਤਾਨ ਦੀ ਟੀਮ ਨੇਂ ਸ਼ਾਨਦਾਰ ਖੇਡ ਰਾਹੀਂ ਭਾਰਤ ਤੇ ਜਿੱਤ ਹਾਸਲ ਕੀਤੀ ਪਰ ਦੇਸ਼ ਚ ਕੁਝ ਕੁ ਘਟੀਆ ਲੋਕ, ਜਿੱਥੇ ਭਾਰਤ ਦੇ ਮਹਾਨ ਤੇਜ ਗੇਂਦਬਾਜ ਮੋਹੰਮਦ ਸ਼ੰਮੀ ਨੂੰ ਟਰੋਲ ਕਰਨ ਲੱਗ ਪਏ, ਉਥੇ ਹੀ ਦੇਸ਼ ਚ ਕੁਝ ਕੁ ਫਿਰਕੂ ਸੋਚ ਦੇ ਲੋਕਾਂ ਨੇਂ, ਪਾਕਿਸਤਾਨ ਦੀ ਜਿੱਤ ਤੇ ਪਟਾਕੇ-ਆਤਿਸ਼ਬਾਜੀ ਚਲਾ ਕੇ, ਸ਼ਰਮਨਾਕ ਦੇਸ਼ ਵਿਰੋਧੀ ਕਾਰਜ ਕਰਦਿਆਂ, ਫਿਰਕਾਪਰਸਤੀ ਦੇ ਬੂਟੇ ਨੂੰ ਪਾਣੀ ਦੇਣ ਦਾ ਕੰਮ ਕੀਤਾ ਹੈ।

ਅੱਜ ਕੱਲ੍ਹ ਆਪਣੇ ਆਪ ਨੂੰ ਬੁੱਧੀਜੀਵੀ ਜਾਂ ਗਿਆਨੀ ਸਾਬਤ ਕਰਨ ਲਈ ਪੜ੍ਹੇ-ਲਿਖੇ ਲੋਕ ਵੀ ਜਾਣਬੁੱਝ ਕੇ, ਸਨਸਨੀ ਫੈਲਾਉਣ ਲਈ, ਝੂਠ ਫੈਲਾਉਣ ਦਾ ਕੰਮ ਕਰਦੇ ਨੇਂ। ਲੋਕ ਇਸ ਕਦਰ ਵੰਡੇ ਜਾ ਚੁੱਕੇ ਹਨ ਕਿ ਕਈ ਲੋਕਾਂ ਨੂੰ ਸਰਕਾਰ ਦਾ ਹਰੇਕ ਕੰਮ, ਚੰਗਾ ਲੱਗਣ ਲਈ ਈ ਚੰਗਾ ਲੱਗ ਰਿਹਾ ਏ, ਉੱਥੇ ਹੀ ਵਿਰੋਧੀ ਵਿਚਾਰਧਾਰਾ ਤੋਂ ਸੰਬੰਧਤ ਲੋਕ, ਸਰਕਾਰ ਵੱਲੋਂ ਕੀਤੇ ਬੇਹਤਰੀਨ ਕੰਮਾਂ ਨੂੰ ਵੀ ਲੋਕਵਿਰੋਧੀ ਸਿੱਧ ਕਰਨ ਹਿੱਤ ਕੋਝੀਆਂ ਚਾਲਾਂ ਚੱਲਣ ਤੋਂ ਬਾਜ ਨਹੀਂ ਆਉਂਦੇ। ਆਈ ਟੀ ਸੈਲ ਤੇ ਮੀਡੀਆ, ਜਿਸ ਤਰਾਂ ਨਾਲ ਵੱਖ-ਵੱਖ ਧੜਿਆਂ ਚ ਵੰਡਿਆ ਹੋਇਆ ਏ, ਉਹ ਇੱਕ ਖੁੱਲਾ ਭੇਦ ਏ, ਜੋ ਕਿਸੇ ਤੋਂ ਵੀ ਨੀਂ ਲੁਕਿਆ ਹੈ।

ਦੇਸ਼ ਦੇ ਵੱਡੇ-ਵੱਡੇ ਰਾਜਨੀਤਕ ਦਲ ਤੇ ਵੱਡੇ-ਵੱਡੇ ਨੇਤਾ ਸ਼ਰੇਆਮ, ਆਪਣੇ-ਆਪਣੇ ਧਰਮ ਨੂੰ, ਦੂਜੇ ਧਰਮਾਂ ਤੋਂ ਖਤਰਾ ਦੱਸਦਿਆਂ, ਖੁਲ੍ਹ ਕੇ ਧਰਮ ਦੇ ਨਾਂ ਤੇ ਵੋਟਾਂ ਤਾਂ ਬਟੋਰ ਜਾਂਦੇ ਨੇਂ ਪਰ ਇਸ ਪ੍ਰਚਾਰ ਕਾਰਨ, ਆਮ ਲੋਕਾਂ ਚ ਆਪਸੀ ਭਾਈਚਾਰੇ ਨੂੰ ਲਗਾਤਾਰ ਡੂੰਘਾ ਖੋਰਾ ਲੱਗ ਰਿਹਾ ਏ। ਸਾਡੇ ਪੰਜਾਬ ਚ ਆਪਸੀ ਧਾਰਮਿਕ ਸਦਭਾਵਨਾ ਪਿੱਛੇ ਜਿਹੇ ਤੱਕ ਇੰਨੀ ਮਜਬੂਤ ਸੀ ਕਿ ਇੱਕੋ ਘਰ ਚ, ਭਰਾਵਾਂ ਚੋਂ ਈ ਇੱਕ ਭਰਾ, ਦੂਜੇ ਧਰਮ ਦੀ ਪਾਲਣਾ ਕਰਦਾ ਸੀ ਤੇ ਉਸ ਧਰਮ ਦੀ ਰਵਾਇਤਾਂ ਅਨੁਸਾਰ ਈ, ਜੀਵਨ ਬਤੀਤ ਕਰਦਾ ਸੀ, ਉਦੋਂ ਸਾਡੇ ਹਿਰਦੇ ਰਾਜਨੀਤਕ ਪਾਰਟੀਆਂ ਦੀਆਂ ਚਾਲਾਂ ਨਾਲ ਜਾਂ ਚੋਣਵੇਂ ਮੌਕਿਆਂ ਤੇ ਨਹੀਂ ਵਲੂੰਧਰੇ ਜਾਂਦੇ ਸਨ, ਸਗੋਂ ਹਰੇਕ ਧਰਮ ਦੇ ਲੋਕ, ਦੂਜੇ ਧਰਮ ਦੇ ਧਾਰਮਿਕ ਸਥਾਨਾਂ, ਧਾਰਮਿਕ ਤਿਉਹਾਰਾਂ ਤੇ ਰਵਾਇਤਾਂ ਦੀ ਨਿੱਘੀ ਸ਼ਰਧਾ ਨਾਲ ਪਾਲਣਾ ਵੱਡੇ ਪੱਧਰ ਤੇ ਕਰਦੇ ਸਨ ਪਰ ਹੁਣ ਹਾਲਾਤ ਇਹ ਨੇਂ ਕਿ ਰਾਜਨੀਤਕ ਨੇਤਾਵਾਂ ਨੂੰ ਦੂਜੇ ਧਰਮ ਦੇ, ਧਾਰਮਿਕ ਅਸਥਾਨਾਂ ਤੇ ਜਾਣ ਕਰਕੇ ਸ਼ਰੇਆਮ ਟਰੋਲ ਕੀਤਾ ਜਾਂਦਾ ਏ, ਬਹੁਤ ਹੀ ਨਮੋਸ਼ੀ ਨਾਲ ਕਹਿਣਾ ਪੈ ਰਿਹਾ ਏ ਕਿ ਇਕ ਰਾਸ਼ਟਰੀ ਪਾਰਟੀ ਦੇ ਕਾਬਲ ਤੇ ਸੂਝਵਾਨ ਨੇਤਾ ਨੂੰ, ਸੂਬੇ ਦਾ ਮੁੱਖਮੰਤਰੀ ਬਣਾਉਣ ਤੋਂ, ਸਿਰਫ ਇਸ ਲਈ ਇਨਕਾਰ ਕਰ ਦਿਤਾ ਜਾਂਦਾ ਏ, ਕਿਉਂਕਿ ਉਹ ਸੂਬੇ ਦੇ ਬਹੁਸੰਖਿਅਕ ਧਰਮ ਵਿਸ਼ੇਸ਼ ਤੋਂ ਸੰਬੰਧਤ ਨਹੀਂ ਸੀ, ਇਸ ਤੋਂ ਵੀ ਵੱਡੀ ਨਮੋਸ਼ੀ ਦੀ ਗੱਲ ਇਹ ਏ ਕਿ ਸੰਬੰਧਤ ਪਾਰਟੀ ਵੱਲੋਂ, ਸੰਬੰਧਤ ਨੇਤਾ ਨੂੰ ਮੁੱਖ ਮੰਤਰੀ ਨਾਂ ਬਣਾਉਣ ਲਈ ਇਹੀ ਕਾਰਨ ਸਰਵਜਨਕ ਤੌਰ ਤੇ ਦੱਸਿਆ ਵੀ ਜਾਂਦਾ ਏ।


ਸਾਰੇ ਹੀ ਧਰਮ ਸਾਨੂੰ ਹਮੇਸ਼ਾ ਨੈਤਿਕਤਾ ਤੇ ਸੱਚ ਤੇ ਕਾਇਮ ਰਹਿਣ ਦੀ ਸੇਧ ਦਿੰਦੇ ਹਨ ਪਰ ਅਸੀਂ ਆਪਣੇ ਧਰਮ ਨੂੰ ਦੂਜੇ ਤੋਂ ਉੱਤਮ ਸਿੱਧ ਕਰਨ ਦੀ ਬੇਤੁੱਕੀ ਦੋੜ ਚ ਲੱਗੇ ਹੋਏ ਹਾਂ, ਅੱਜ ਕੱਲ੍ਹ ਇਕ ਨਵਾਂ ਟਰੇਂਡ ਆਇਆ ਏ, ਦੁਸਰੇ ਧਰਮ ਦੀਆਂ ਜਾਂ ਸਿਰਫ ਇਕ ਵਿਸ਼ੇਸ਼ ਧਰਮ ਦੀਆਂ ਰੂੜੀਆਂ ਨੂੰ ਟਾਰ-ਗੇਟ ਕਰਨ ਦਾ, ਜਦਕਿ ਰੂੜੀਆਂ ਤੇ ਅੰਧਵਿਸ਼ਵਾਸ ਹਰੇਕ ਧਰਮ ਦੇ ਲੋਕਾਂ ਚ ਧੁਰ-ਅੰਦਰ ਤੱਕ ਵੱਸ ਚੁੱਕੀਆਂ ਹਨ। ਆਪਾਂ ਜਿੰਨੇ ਵਿਗਿਆਨਕ ਨਜ਼ਰੀਏ ਨਾਲ ਕਿਸੇ ਹੋਰ ਧਰਮ ਨੂੰ ਦੇਖਦੇ ਆਂ, ਕੀ ਕਦੇ ਆਪਣੇ ਧਰਮ ਨੂੰ ਵੀ ਉਸੇ ਨਜ਼ਰੀਏ ਨਾਲ ਆਪਾਂ ਘੋਖਿਆ ਏ ? ਆਪਾਂ ਜਿੰਨੀ ਸ਼ਰਧਾ ਨਾਲ ਆਪਣੇ ਧਰਮ ਨੂੰ ਵੇਖਦੇ ਆਂ, ਕਦੇ ਦੂਜੇ ਧਰਮ ਨੂੰ ਵੀ ਉਨੀ ਹੀ ਸ਼ਰਧਾ ਨਾਲ ਦੇਖਿਆ ਏ ? ਨਫਰਤ ਦੀ ਅੱਗ ਇਸ ਕਦਰ ਹਾਵੀ ਹੋ ਚੁੱਕੀ ਏ ਜਾਂ ਆਪਣੀ ਸਮਝ ਇਸ ਪੱਧਰ ਤੇ ਹੈ ਕਿ, ਆਪਾਂ ਕਿਸੇ ਪੂਰੇ ਧਰਮ, ਡੇਰੇ, ਸੰਪਰਦਾਇ ਜਾਂ ਮੱਤ ਦੇ ਲੋਕਾਂ ਨੂੰ ਇੱਕ ਵਿਸ਼ੇਸ਼ ਨਜ਼ਰੀਏ ਨਾਲ ਦੇਖਣ ਲੱਗ ਪਏ ਹਾਂ, ਆਪਾਂ ਨੂੰ ਸਿਰਫ ਵਿਰੋਧ ਲਈ ਵਿਰੋਧ ਜਾਂ ਸਮਰਥਨ ਲਈ ਸਮਰਥਨ ਕਰਨ ਦੀ ਨੀਤੀ ਤੁਰੰਤ ਤਿਆਗਣ ਦੀ ਲੋੜ ਏ। ਦੇਸ਼ ਚ ਪਿੱਛੇ ਜਿਹੇ ਦਿੱਤੇ ਗਏ ਰਾਸ਼ਟਰੀ ਅਵਾਰਡਾਂ ਲਈ ਚੁਣੇ ਗਏ ਲੋਕਾਂ ਚ, ਸਿਰਫ ਇਕ ਚੇਹਰੇ ਤੋਂ ਬਿਨਾਂ ਬਾਕੀ ਜੋ ਲੋਕ ਚੁਣੇ ਗਏ ਹਨ, ਅੱਜ ਤੱਕ ਇੰਨੇ ਬੇਹਤਰੀਨ ਲੋਕ, ਜਿੰਨਾਂ ਮਾਨਵਤਾ ਲਈ, ਇੰਨੇ ਅਸਾਧਾਰਨ ਮਹਾਨ ਕਾਰਜ ਕੀਤੇ, ਉਹਨਾਂ ਗੁਮਨਾਮ ਲੋਕਾਂ ਦੀ ਚੋਣ ਕਰਨ ਲਈ ਸਰਕਾਰ ਦੀ ਜਿੰਨੀ ਤਰੀਫ ਕੀਤੀ ਜਾਵੇ ਘੱਟ ਏ, ਪਰ ਉਸ ਵਿਵਾਦਤ ਚੇਹਰੇ ਦੀ ਚੋਣ ਨੂੰ ਆਪਾਂ ਕਿਸੇ ਵੀ ਤਰੀਕੇ,ਪਹਿਲੇ ਦੀਆਂ ਸਰਕਾਰਾਂ ਤੇ ਉਂਗਲ ਉਠਾ ਕੇ ਜਾਇਜ ਨੀਂ ਠਹਿਰਾ ਸਕਦੇ ਪਰ ਇਸ ਮੁੱਦੇ ਤੇ ਲੋਕਾਂ ਵੱਲੋਂ ਚੋਣਵੇਂ ਪ੍ਰਤੀਕਰਮ ਦਿੰਦਿਆਂ, ਸਿਰਫ ਉਸੇ ਚੇਹਰੇ ਨੂੰ, ਇੰਨੀ ਨਕਾਰ-ਾਤਮਕ ਤਵੱਜੋ ਦੇਣਾ, ਕਿੱਥੋਂ ਤੱਕ ਜਾਇਜ ਏ।

ਆਓ ਅਸੀਂ ਸਾਰੇ ਰੱਲ੍ਹ ਕੇ, ਫਿਰਕਾਪ੍ਰਸਤੀ ਦੇ ਗੰਦੇ ਜਾਲ ਚੋਂ ਨਿਕਲਣ ਲਈ ਸੁਹਿਰਦ ਯਤਨ ਕਰੀਏ। ਧਾਰਮਿਕ ਹੋਣ ਤੇ ਆਪਣੇ ਧਰਮ ਪ੍ਰਤਿ ਕੱਟੜਵਾਦ ਦਾ ਸਮਰਥਨ ਕਰਨ ਚ ਬਹੁਤ ਫਰਕ ਏ, ਹਾਲਾਂਕਿ ਸਾਨੂੰ ਸਭ ਨੂੰ ਆਪਣੇ ਧਰਮ ਖਿਲਾਫ ਕੀਤੇ ਜਾਂਦੇ ਝੂਠੇ ਪ੍ਰਚਾਰ ਨੂੰ ਰੋਕਣ ਲਈ ਤੇ ਧਰਮ ਦੀ ਰੱਖਿਆ ਲਈ ਹਰਸੰਭਵ ਯਤਨ ਜਰੂਰ ਕਰਨੇ ਚਾਹੀਦੇ ਨੇਂ, ਪਰ ਸਾਨੂੰ ਦੂਜੇ ਧਰਮ ਦੇ ਖਿਲਾਫ ਘਟੀਆ ਪ੍ਰਚਾਰ ਜਾਂ ਨਫਰਤ ਫੈਲਾਉਣ ਤੋਂ ਬਚਣ ਦੀ ਸਖਤ ਲੋੜ ਏ। ਹਰੇਕ ਧਰਮ, ਖੇਤਰ ਤੇ ਜਾਤੀ ਵਿੱਚ, ਸਮਾਜ ਵਿਰੋਧੀ ਤੇ ਸਮਾਜ ਹਿਤੈਸ਼ੀ ਲੋਕ ਮੌਜੂਦ ਨੇਂ, ਸਾਨੂੰ ਅਨੈਤਿਕ ਲੋਕਾਂ ਤੇ ਉਂਗਲ ਉਠਾਉਣ ਦਾ ਪੂਰਾ ਹੱਕ ਏ ਪਰ ਉਸ ਵਿਅਕਤੀ ਦੇ ਪੂਰੇ ਧਰਮ ਨੂੰ ਟਾਰਗੇਟ ਕਰਨਾ ਚੰਗੀ ਪ੍ਰਵਿਰਤੀ ਨਹੀਂ ਹੈ। ਕੋਈ ਵੀ ਧਰਮ ਨਹੀਂ ਸਗੋਂ ਧਰਮ ਦੇ ਨਾਂ ਤੇ ਪਾਖੰਡ, ਨਫਰਤ, ਆਡੰਬਰ, ਠੱਗੀਆਂ, ਰਾਜਨੀਤੀ ਅਤੇ ਕਾਰੋਬਾਰ ਚਲਾਉਣ ਵਾਲੇ ਲੋਕ ਮਾੜੇ ਹੁੰਦੇ ਹਨ। ਸਾਨੂੰ ਸਭ ਨੂੰ ਹੀ, ਕਿਸੇ ਵੀ ਘਟਨਾ ਤੇ, ਖਾਸਕਰ ਧਾਰਮਿਕ ਘਟਨਾ ਤੇ, ਪ੍ਰਤੀਕ੍ਰਿਆ ਦੇਣ ਤੋਂ ਪਹਿਲਾਂ ਸੱਚ-ਝੂਠ ਤੇ ਹੋਰ ਸਾਰੇ ਤੱਥਾਂ ਤੇ ਧਿਆਨ ਦੇ ਕੇ ਸੰਜਮ ਦੀ ਪਾਲਣਾ ਕਰਨਾ, ਬਹੁਤ ਜਰੂਰੀ ਏ, ਨਹੀਂ ਤਾਂ ਦੇਸ਼ਵਿਰੋਧੀ ਤੇ ਸਮਾਜ ਵਿਰੋਧੀ ਲੋਕ, ਸਾਡੇ ਮਨਾਂ ਚ ਉਹਨਾਂ ਲੋਕਾਂ ਲਈ ਨਫਰਤ ਪੈਦਾ ਕਰ ਦੇਣਗੇ, ਜੋ ਦੇਸ਼ ਤੇ ਸਮਾਜ ਦਾ ਸਰਮਾਇਆ ਹਨ।

*ਮਜਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ,, ਹਿੰਦੀ ਹੈਂ ਹਮ ਵਤਨ ਹੈਂ, ਹਿੰਦੋਸਤਾਨ ਹਮਾਰਾ, ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ। -ਇਕਬਾਲ।*

*-ਅਸ਼ੋਕ ਸੋਨੀ, ਕਾਲਮਨਵੀਸ*
*ਖੂਈ ਖੇੜਾ, ਫ਼ਾਜ਼ਿਲਕਾ*
*9872705078*

# ਆਪਣੀ ਅਹਿਮੀਅਤ ਸਮਝੋ...





ਹਰਕੀਰਤ ਕੌਰ 97791180 66

ਇਸ ਸੰਸਾਰ ਵਿੱਚ ਪਰਮਾਤਮਾ ਨੇ ਜਿਸ ਜੀਵ ਨੂੰ ਪੈਦਾ ਕੀਤਾ ਹੈ, ਉਸਨੂੰ ਕਿਸੇ ਖਾਸ ਮਕਸਦ ਅਧੀਨ ਪੈਦਾ ਕੀਤਾ ਹੈ। ਇਸ ਦੁਨੀਆਂ ਨੂੰ ਖੂਬਸੂਰਤ ਬਣਾਉਣ ਵਿੱਚ ਹਰ ਪਸ਼ੂ, ਪੰਛੀ, ਪੇੜ ਪੌਦੇ, ਮਨੁੱਖ ਹਰ ਇੱਕ ਦਾ ਆਪਣਾ ਯੋਗਦਾਨ ਹੈ। ਜੇਕਰ ਸਾਰੇ ਜੀਵਾਂ ਦੀ ਗੱਲ ਨਾ ਕਰਕੇ ਕੇਵਲ ਮਨੁੱਖ ਦੀ ਅਹਿਮੀਅਤ ਦੀ ਗੱਲ ਕੀਤੀ ਜਾਵੇ ਤਾਂ ਹਰ ਮਨੁੱਖ ਦਾ ਆਪਣਾ ਇੱਕ ਸਥਾਨ ਹੈ। ਦੁਨੀਆਂ ਵਿੱਚ ਵੱਸਦੇ ਲੱਖਾਂ ਕਰੋੜਾਂ ਲੋਕਾਂ ਵਿੱਚ ਹਰ ਕੋਈ ਕਿਸੇ ਨਾ ਕਿਸੇ ਲਈ ਖਾਸ ਹੈ, ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ। ਇੱਕ ਪਿਤਾ ਇੱਕ ਇਨਸਾਨ ਦੇ ਰੂਪ ਵਿੱਚ ਕਿਸੇ ਲਈ ਅਹਿਮ ਭਾਵੇਂ ਨਾ ਹੋਵੇ ਪਰ ਉਸਦੇ ਬੱਚਿਆਂ ਲਈ ਉਹ ਸਭ ਤੋਂ ਖਾਸ ਹੋਵੇਗਾ। ਇਸੇ ਤਰ੍ਹਾਂ ਇੱਕ ਔਰਤ ਭਾਵੇਂ ਕਿਸੇ ਘਰ ਸਫਾਈ ਕਰਨ ਦਾ ਕੰਮ ਕਿਉਂ ਨਾ ਕਰਦੀ ਹੋਵੇ ਪਰ ਉਸਦੇ ਬੱਚਿਆਂ ਲਈ ਉਹ ਦੁਨੀਆਂ ਦੀ ਸਭ ਤੋਂ ਖੂਬਸੂਰਤ ਔਰਤ ਹੈ। ਥੋੜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਰ ਇੱਕ ਇਨਸਾਨ ਦਾ ਆਪਣਾ ਆਪਣਾ ਅਸਤਿਤਵ ਹੈ। ਪਰ ਕਈ ਵਾਰ ਹਲਾਤ ਅਜਿਹੇ ਬਣ ਜਾਂਦੇ ਹਨ ਕਿ ਅਸੀਂ ਆਪਣੇ ਆਪ ਦੀ ਅਹਿਮੀਅਤ ਭੁੱਲ ਜਾਂਦੇ ਹਾਂ, ਕਈ ਵਾਰ ਅਸੀਂ ਆਪਣੇ ਨਾਲ ਜੁੜੇ ਹੋਏ ਲੋਕਾਂ ਨੂੰ ਏਨੀ ਅਹਿਮੀਅਤ ਦੇਣ ਲੱਗਦੇ ਹਾਂ ਕਿ ਆਪਣੇ ਆਪ ਨੂੰ ਤਵੱਜੋਂ ਦੇਣਾ ਭੁੱਲ ਜਾਂਦੇ ਹਾਂ। ਜਦੋਂ ਸਾਨੂੰ ਸਾਹਮਣੇ ਵਾਲੇ ਮਨੁੱਖਾਂ ਤੋਂ ਉਸੇ ਤਰ੍ਹਾਂ ਦਾ ਪਿਆਰ, ਸਤਿਕਾਰ ਜਾਂ ਅਹਿਮੀਅਤ ਨਹੀਂ ਮਿਲਦੀ ਤਾਂ ਅਸੀਂ ਉਦਾਸ ਹੁੰਦੇ ਹਾਂ। ਜਿਸ ਨਾਲ ਅਸੀਂ ਆਪਣੇ ਸਵੈਂ ਮਾਣ ਨੂੰ ਸੱਟ ਪੁੰਹਚਾਉਂਦੇ ਹਾਂ ਅਤੇ ਨਾਲ ਦੀ ਨਾਲ ਹੀਣ ਭਾਵਨਾ ਦੇ ਸ਼ਿਕਾਰ ਹੁੰਦੇ ਹਾਂ। ਇਸ ਸੰਸਾਰ ਵਿੱਚ ਹਰ ਕੰਮ, ਵਿਵਹਾਰ ਦੀ ਇੱਕ ਹੱਦ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੀ ਕ੍ਰਿ-ਰਆ ਜਦ ਹੱਦੋਂ ਵੱਧ ਹੋ ਜਾਂਦੀ ਹੈ ਤਾਂ ਉਸਦੇ ਨਕਾਰਾਤਮਕ ਨਤੀਜੇ ਆਉਣੇ ਸ਼ੁਰੂ ਹੋ ਜਾਂਦੇ ਹਨ। ਸੋ ਲੋਕਾਂ ਨੂੰ ਤਵੱਜੋਂ ਦਿੰਦੇ ਦਿੰਦੇ ਆਪਣੀ ਹੋਂਦ ਨੂੰ ਠੇਸ ਨਾ ਪੁੰਹਚਾਓ ।

ਪ੍ਰਮਾਤਮਾ ਨੇ ਜੇਕਰ ਤੁਹਾਨੂੰ ਬਣਾਇਆ ਹੈ ਤਾਂ ਕਿਸੇ ਖਾਸ ਮਕਸਦ ਲਈ ਬਣਾਇਆ ਹੈ। ਪੂਰੇ ਬ੍ਰਹਿਮੰਡ ਵਿੱਚ ਭਾਵੇਂ ਕਿੰਨੇ ਵੀ ਜੀਵ ਕਿਉਂ ਨਹੀਂ ਹਨ, ਕਿੰਨੇ ਇਨਸਾਨ ਕਿਉਂ ਨਹੀਂ ਹਨ, ਤੁਹਾਡੀ ਜਗ੍ਹਾ ਕੋਈ ਨਹੀਂ ਲੈ ਸਕਦਾ। ਤੁਹਾਡਾ ਪੂਰੇ ਬ੍ਰਹਿਮੰਡ ਵਿੱਚ ਇੱਕ ਖਾਸ ਸਥਾਨ ਹੈ। ਕਿਸੇ ਕੰਮ ਵਿੱਚ ਹਾਰ ਜਾਣਾ, ਕਾਮਯਾਬ ਨਾ ਹੋਣ ਕਰਕੇ, ਚੁਣੌਤੀਆਂ ਦੇ ਆਉਣ ਕਰਕੇ ਕਈ ਵਾਰ ਮਨੁੱਖ ਆਪਣੇ ਆਪ ਨੂੰ ਬੇਲੋੜਾ ਸਮਝਣ ਲੱਗਦਾ ਹੈ ਪਰ ਯਾਦ ਰੱਖੋ ਹਲਾਤਾਂ ਅੱਗੇ ਗੋਡੇ ਟੇਕਣ, ਵਿਚਾਰਗੀ ਵਾਲੀ ਜਿੰਦਗੀ ਜਿਊਣ ਨਾਲੋ ਕਿਤੇ ਚੰਗਾ ਹੈ ਕਿ ਹਿੰਮਤ ਨਾਲ ਸਮੇਂ ਦਾ ਟਾਕਰਾ ਕੀਤਾ ਜਾਵੇ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਬੇਲੋੜੇ ਹੋ ਤਾਂ ਆਪਣੀ ਸ਼ਖਸੀਅਤ ਨੂੰ ਨਿਖਾਰਨ ਵੱਲ ਧਿਆਨ ਦਿਉ ਤਾਂ ਜੋ ਤੁਸੀਂ ਕੁਝ ਵਿਲੱਖਣ ਕਰ ਸਕੋ। ਹਮੇਸ਼ਾ ਚਿੱਤ ਵਿੱਚ ਰੱਖੋ ਕਿ ਤੁਸੀਂ ਇੱਕ ਹੋ ਇਸ ਪੂਰੇ ਬ੍ਰਹਿਮੰਡ ਵਿੱਚ, ਤੁਹਾਡੇ ਵਰਗਾ ਦੂਸਰਾ ਕੋਈ ਨਹੀਂ ਹੈ। ਲੋਕ ਤੁਹਾਨੂੰ ਅਹਿਸਾਸ ਦਿੰਦੇ ਹਨ ਜਾਂ ਨਹੀਂ ਇਸ ਨਾਲੋਂ ਕਿਤੇ ਜਿਆਦਾ ਜਰੂਰੀ ਹੈ ਕਿ ਤੁਸੀਂ ਆਪਣੇ ਆਪ ਨੂੰ ਕਿੰਨੀ ਅਹਿਮੀਅਤ ਦਿੰਦੇ ਹੋ। ਜੇਕਰ ਖੁਦ ਆਪਣੇ ਆਪ ਨੂੰ ਸਵੀਕਾਰ ਕਰੋਗੇ ਤਾਂ ਹੀ ਲੋਕਾਂ ਤੋਂ ਆਸ ਕੀਤੀ ਜਾ ਸਕਦੀ ਹੈ।

ਸੋ ਇਸ ਲੇਖ ਵਿੱਚ ਵਿਚਾਰੇ ਤਿੰਨ ਪੱਖਾਂ ਵੱਲ ਧਿਆਨ ਦੇਕੇ ਨਿਚੋੜ ਇਹੀ ਕੱਢਿਆ ਜਾ ਸਕਦਾ ਹੈ ਕਿ ਤੁਸੀਂ ਖਾਸ ਹੋ ਇਸ ਲਈ ਆਪਣੀ ਅਹਿਮੀਅਤ ਕਦੇ ਨਾ ਭੁੱਲੋ ਅਤੇ ਨਾ ਹੀ ਹੀਣ ਭਾਵਨਾ ਦੇ ਸ਼ਿਕਾਰ ਹੋਵੋ।

## ਵਲਾਦੀਮੀਰ ਪੁਤਿਨ ਦੇ ਏਜੰਟਾਂ ਨੇ ਲਿਜ਼ ਟਰੱਸ ਦਾ ਫੋਨ ਕਰ ਲਿਆ ਸੀ ਹੈਕ



ਲੰਡਨ, 30 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਸਾਬਕਾ ਪ੍ਰਧਾਨ ਮੰਤਰੀ ਲਿਜ਼ ਟਰੱਸ ਦਾ ਨਿੱਜੀ ਫੋਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਲਈ ਕੰਮ ਕਰਨ ਵਾਲੇ ਸ਼ੱਕੀ ਏਜੰਟਾਂ ਨੇ ਹੈਕ ਕਰ ਲਿਆ ਸੀ, ਜਦੋਂ ਉਹ ਵਿਦੇਸ਼ ਮੰਤਰੀ ਸੀ, ਡੇਲੀ ਮੇਲ ਨੇ ਸ਼ਨੀਵਾਰ ਨੂੰ ਰਿਪੋਰਟ ਕੀਤੀ। ਰਾਇਟਰਜ਼ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਏਜੰਟਾਂ ਨੇ ਟਰੱਸ ਦੇ ਨਜ਼ਦੀਕੀ ਦੋਸਤ ਕਵਾਸੀ ਕੁਆਰਟੈਂਗ ਨਾਲ ਨਿੱਜੀ ਸੰਦੇਸ਼ਾਂ ਦਾ ਆਦਾਨ-ਪ੍ਰਦਾਨ ਕੀਤਾ, ਨਾਲ ਹੀ ਅੰਤਰਰਾਸ਼ਟਰੀ ਸਹਿਯੋਗੀਆਂ ਨਾਲ ਗੱਲਬਾਤ ਦੇ "ਚੋਟੀ ਦੇ ਗੁਪਤ ਵੇਰਵੇ" ਵੀ ਦਿੱਤੇ। ਤੁਹਾਨੂੰ ਦੱਸ ਦੇਈਏ ਕਿ ਕਵਾਸੀ ਕਵਾਰਟੇਂਗ ਨੇ ਬਾਅਦ ਵਿੱਚ ਵਿੱਤ ਮੰਤਰੀ ਦਾ ਅਹੁਦਾ ਸੰਭਾਲਿਆ ਸੀ।

ਮੰਨਿਆ ਜਾਂਦਾ ਹੈ ਕਿ ਸੰਦੇਸ਼ਾਂ ਵਿੱਚ ਹਥਿਆਰਾਂ ਦੀ ਖੇਪ ਦੇ ਵੇਰਵਿਆਂ ਸਮੇਤ ਯੂਕਰੇਨ ਵਿੱਚ ਜੰਗ ਬਾਰੇ ਸੀਨੀਅਰ ਅੰਤਰਰਾਸ਼ਟਰੀ ਵਿਦੇਸ਼ ਮੰਤਰੀਆਂ ਨਾਲ ਗੱਲਬਾਤ ਸ਼ਾਮਲ ਸੀ। ਮੇਲ ਨੇ ਬੇਨਾਮ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇੱਕ ਸਾਲ ਤੱਕ ਸੁਨੇਹੇ ਡਾਊਨਲੋਡ ਕੀਤੇ ਗਏ ਸਨ। ਬ੍ਰਿਟਿਸ਼ ਸਰਕਾਰ ਦੇ ਬੁਲਾਰੇ ਨੇ "ਵਿਅਕਤੀਆਂ ਲਈ ਸੁਰੱਖਿਆ ਪ੍ਰਬੰਧਾਂ" 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਬੁਲਾਰੇ ਨੇ ਕਿਹਾ, "ਸਾਈਬਰ ਖਤਰਿਆਂ ਤੋਂ ਸੁਰੱਖਿਆ ਲਈ ਸਰਕਾਰ ਕੋਲ ਮਜ਼ਬੂਤ ਪ੍ਰਣਾਲੀਆਂ ਹਨ। ਇਸ ਵਿੱਚ ਮੰਤਰੀਆਂ ਲਈ ਨਿਯਮਤ ਸੁਰੱਖਿਆ ਬ੍ਰੀਫਿੰਗ, ਅਤੇ ਉਨ੍ਹਾਂ ਦੇ ਨਿੱਜੀ ਡੇਟਾ ਦੀ ਸੁਰੱਖਿਆ ਅਤੇ ਸਾਈਬਰ ਖਤਰਿਆਂ ਨੂੰ ਘੱਟ ਕਰਨ ਬਾਰੇ ਸਲਾਹ ਸ਼ਾਮਲ ਹੈ।" ਇਹ ਸੰਬੋਧਨ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਮੁਹਿੰਮ ਦੌਰਾਨ ਆਇਆ। ਟਰੱਸ ਨੇ ਪਿਛਲੇ ਹਫਤੇ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਦਿੱਤਾ ਸੀ। ਜਿਸ ਤੋਂ ਬਾਅਦ ਰਿਸ਼ੀ ਸੁਨਕ ਨਵੇਂ ਪ੍ਰਧਾਨ ਮੰਤਰੀ ਬਣੇ।

# ਗੁਜਰਾਤ ਦੇ ਮੋਰਬੀ 'ਚ ਪੁਲ ਡਿੱਗਣ ਕਾਰਨ 134 ਲੋਕਾਂ ਦੀ ਮੌਤ

*ਚਾਰ ਦਿਨ ਪਹਿਲਾਂ ਮੁਰੰਮਤ ਤੋਂ ਬਾਅਦ ਖੋਲ੍ਹਿਆ ਗਿਆ ਸੀ ਪੁਲ

ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਗੁਜਰਾਤ ਦੇ ਮੋਰਬੀ ਇਲਾਕੇ 'ਚ ਐਤਵਾਰ ਸ਼ਾਮ ਨੂੰ ਮੱਛੂ ਨਦੀ 'ਚ ਇਕ ਕੇਬਲ ਬ੍ਰਿਜ ਡਿੱਗ ਗਿਆ। ਇਸ ਹਾਦਸੇ 'ਚ 134 ਲੋਕਾਂ ਦੀ ਮੌਤ ਹੋ ਗਈ ਹੈ। ਜ਼ਖਮੀਆਂ ਨੂੰ ਮੋਰਬੀ ਦੇ ਹਸਪਤਾਲ 'ਚ ਦਾਖਲ ਹਨ। ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਮੁੱਖ ਮੰਤਰੀ, ਗ੍ਰਹਿ ਮੰਤਰੀ, ਮਾਲ ਮੰਤਰੀ ਅਤੇ ਰੇਂਜ ਆਈਜੀ ਸਮੇਤ ਉੱਚ ਅਧਿਕਾਰੀ ਮੌਕੇ 'ਤੇ ਮੌਜੂਦ ਹਨ। ਦੱਸਿਆ ਜਾ ਰਿਹਾ ਹੈ ਕਿ ਜਦੋਂ ਪੁਲ ਡਿੱਗਿਆ ਤਾਂ ਇਸ 'ਤੇ ਕਰੀਬ 500 ਲੋਕ ਸਨ। ਮੌਕੇ 'ਤੇ ਬਚਾਅ ਕਾਰਜ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ।



ਅਜੇ ਵੀ ਕਈ ਲੋਕਾਂ ਦੇ ਪਾਣੀ 'ਚ ਫਸੇ ਹੋਣ ਦਾ ਖਦਸ਼ਾ ਹੈ। ਚਾਰ ਦਿਨ ਪਹਿਲਾਂ ਮੁਰੰਮਤ ਤੋਂ ਬਾਅਦ ਪੁਲ ਨੂੰ ਖੋਲ੍ਹਿਆ ਗਿਆ ਸੀ। ਇਸ ਹਾਦਸੇ ਦੀ ਜ਼ਿੰਮੇਵਾਰੀ ਗੁਜਰਾਤ ਸਰਕਾਰ ਨੇ ਲਈ ਹੈ।

ਇਸ ਤੋਂ ਪਹਿਲਾਂ ਰਾਜਕੋਟ ਤੋਂ ਭਾਜਪਾ ਸੰਸਦ ਮੋਹਨਭਾਈ ਕਲਿਆਣਜੀ ਕੁੰਡਾਰੀਆ ਨੇ ਕਿਹਾ ਸੀ, "ਮੋਰਬੀ ਕੇਬਲ ਪੁਲ ਡਿੱਗਣ ਦੀ ਘਟਨਾ ਤੋਂ ਬਾਅਦ ਵੱਡੀ ਗਿਣਤੀ ਵਿਚ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਮਰਨ ਵਾਲਿਆਂ ਵਿਚ ਜ਼ਿਆਦਾਤਰ ਬੱਚੇ, ਔਰਤਾਂ ਅਤੇ ਬਜ਼ੁਰਗ ਹਨ। ਅਸੀਂ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ, ਇਹ ਬਹੁਤ ਦੁਖਦਾਈ ਹੈ। ਮੋਰਬੀ ਹਾਦਸੇ ਦੇ ਸਬੰਧ ਵਿੱਚ, ਸਰਕਾਰ ਨੇ ਗੁਜਰਾਤ ਲਈ ਇੱਕ ਹੈਲਪਲਾਈਨ ਨੰਬਰ - 02822 243300 ਜਾਰੀ ਕੀਤਾ ਹੈ।



ਗੁਜਰਾਤ ਦੇ ਗ੍ਰਹਿ ਮੰਤਰੀ ਹਰਸ਼ ਸੰਘਵੀ ਮੋਰਬੀ ਵਿੱਚ ਮੌਜੂਦ ਹਨ। ਪੀਐਮ ਮੋਦੀ ਅੱਜ ਗੁਜਰਾਤ ਵਿੱਚ ਸਨ। ਉਨ੍ਹਾਂ ਨੇ ਗੁਜਰਾਤ ਦੇ ਮੁੱਖ ਮੰਤਰੀ ਨੂੰ ਫੋਨ ਕਰਕੇ ਸਥਿਤੀ ਦਾ ਜਾਇਜ਼ਾ ਲੈਣ ਲਈ ਕਿਹਾ ਹੈ। ਰਾਜਕੋਟ, ਕੱਛ ਤੋਂ ਐਸਡੀਆਰਐਫ ਦੀਆਂ ਟੀਮਾਂ, ਫਾਇਰ ਬ੍ਰਿਗੇਡ, ਸਟੀਮਰਾਂ ਨੂੰ ਤੁਰੰਤ ਮੋਰਬੀ ਭੇਜਿਆ ਗਿਆ ਹੈ।

## ਐਲੋਨ ਮਸਕ ਦੇ ਟੇਕਓਵਰ ਤੋਂ ਬਾਅਦ ਟਵਿੱਟਰ ਦੇ 3 ਚੋਟੀ ਦੇ ਅਧਿਕਾਰੀਆਂ ਨੂੰ 100 ਮਿਲੀਅਨ ਡਾਲਰ ਦਾ ਭੁਗਤਾਨ ਕਰਨਾ ਪਏਗਾ

ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਤਿੰਨ ਚੋਟੀ ਦੇ ਟਵਿੱਟਰ ਐਗਜ਼ੀਕਿਊਟਿਵ ਜਿਨ੍ਹਾਂ ਨੂੰ ਐਲੋਨ ਮਸਕ ਦੁਆਰਾ ਇਸਦੀ ਪ੍ਰਾਪਤੀ ਨੂੰ ਪੂਰਾ ਕਰਨ ਤੋਂ ਬਾਅਦ ਬਰਖਾਸਤ ਕੀਤਾ ਗਿਆ ਸੀ, ਉਹ 100 ਮਿਲੀਅਨ ਡਾਲਰ ਤੋਂ ਵੱਧ ਲੈਣ ਦੇ ਯੋਗ ਹਨ। ਟਵਿੱਟਰ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਪਰਾਗ ਅਗਰਵਾਲ, ਜਿਨ੍ਹਾਂ ਨੇ ਇਕ ਸਾਲ ਤੋਂ ਵੀ ਘੱਟ ਸਮੇਂ ਪਹਿਲਾਂ ਸੀਈਓ ਦੀ ਭੂਮਿਕਾ ਵਿੱਚ ਕਦਮ ਰੱਖਿਆ ਹੈ, ਲਗਭਗ $50 ਮਿਲੀਅਨ (411) ਕਰੋੜ ਪ੍ਰਾਪਤ ਕਰਨ ਦੇ ਯੋਗ ਹੈ। ਮੁੱਖ ਵਿੱਤੀ ਅਧਿਕਾਰੀ ਨੇਦ ਸਹਿਗਲ ਅਤੇ ਕਾਨੂੰਨੀ, ਨੀਤੀ ਅਤੇ ਟਰੱਸਟ ਦੇ ਮੁਖੀ ਵਿਜੇ ਗੱਡੇ ਕ੍ਰਮਵਾਰ ਲਗਭਗ $37 ਮਿਲੀਅਨ ਅਤੇ $17 ਮਿਲੀਅਨ ਪ੍ਰਾਪਤ ਕਰਨ ਦੇ ਯੋਗ ਹਨ।



ਮਾਹਿਰਾਂ ਨੇ ਕਿਹਾ ਕਿ ਮਸਕ ਵੱਲੋਂ ਵੀਰਵਾਰ ਨੂੰ ਟਵਿਟਰ ਦੀ ਕਮਾਨ ਸੰਭਾਲਣ ਤੋਂ ਬਾਅਦ ਟਵਿੱਟਰ ਦੇ ਤਿੰਨੇ ਪ੍ਰਮੁੱਖ ਅਧਿਕਾਰੀਆਂ ਨੂੰ ਕੰਪਨੀ ਤੋਂ ਬਾਹਰ ਕਰ ਦਿੱਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਜੇਕਰ ਵੱਡੀਆਂ ਜਨਤਕ ਕੰਪਨੀਆਂ ਦੇ ਕਈ ਉੱਚ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢਿਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਇੱਕ ਸਾਲ ਦੀ ਤਨਖਾਹ ਦੇ ਬਰਾਬਰ ਰਕਮ ਦਿੱਤੀ ਜਾਂਦੀ ਹੈ। ਨਾਲ ਹੀ, ਇਹ ਅਧਿਕਾਰੀ ਗੈਰ-ਨਿਵੇਸ਼ ਕੀਤੇ ਇਕੁਇਟੀ ਅਵਾਰਡਾਂ ਤੋਂ ਨਕਦ-ਆਉਟ ਦੇ ਹੱਕਦਾਰ ਹਨ। ਟਵਿੱਟਰ ਨੂੰ ਇੱਕ ਸਾਲ ਲਈ ਆਪਣੇ ਸਿਹਤ ਬੀਮਾ ਪ੍ਰੀਮੀਅਮਾਂ ਨੂੰ ਵੀ ਕਵਰ ਕਰਨਾ ਚਾਹੀਦਾ ਹੈ, ਹਰੇਕ ਦੀ ਰਕਮ $31,000 ਹੈ। ਪਰਾਗ ਅਗਰਵਾਲ (38) ਕਰੀਬ ਇੱਕ ਦਹਾਕੇ ਤੋਂ ਟਵਿਟਰ ਨਾਲ ਜੁੜੇ ਹੋਏ ਸਨ।


ਪਰਾਗ ਅਗਰਵਾਲ ਨੇ ਨਵੰਬਰ 2021 ਵਿੱਚ ਟਵਿੱਟਰ ਦੇ ਸੀਈਓ ਜੈਕ ਡੋਰਸੀ ਤੋਂ ਅਹੁਦਾ ਸੰਭਾਲ ਲਿਆ ਸੀ। ਹੁਣ ਐਲੋਨ ਮਸਕ ਦੁਆਰਾ ਲਗਭਗ 44 ਬਿਲੀਅਨ ਡਾਲਰ ਵਿੱਚ ਟਵਿੱਟਰ ਨੂੰ ਖਰੀਦਣ ਤੋਂ ਬਾਅਦ, ਅਗਰਵਾਲ ਨੇ ਇੱਕ ਟਾਊਨ ਹਾਲ ਮੀਟਿੰਗ ਵਿੱਚ ਕਰਮਚਾਰੀਆਂ ਨੂੰ ਕਿਹਾ ਕਿ ਮਾਈਕ੍ਰੋ-ਬਲੌਗਿੰਗ ਪਲੇਟਫਾਰਮ ਦਾ ਭਵਿੱਖ ਹੁਣ "ਅਨਿਸ਼ਚਿਤ" ਹੈ।

## ਡੀਵੀਡੀ ਰਾਈਟਰ ਵਿੱਚ ਛੁਪਾ ਕੇ ਦੁਬਈ ਤੋਂ ਲਿਆਂਦਾ ਸੋਨਾ, ਏਅਰਪੋਰਟ ਤੋਂ ਜ਼ਬਤ

ਚੇਨੱਈ, 30 ਅਕਤੂਬਰ (ਪੋਸਟ ਬਿਊਰੋ)- ਚੇਨੱਈ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਦੋ ਵੱਖ-ਵੱਖ ਘਟਨਾਵਾਂ 'ਚ 900 ਗ੍ਰਾਮ ਸੋਨਾ, ਮੋਬਾਈਲ ਫ਼ੋਨ ਅਤੇ ਵਿਦੇਸ਼ੀ ਸਿਗਰਟਾਂ ਜ਼ਬਤ ਕੀਤੀਆਂ ਗਈਆਂ ਹਨ। ਪਹਿਲੀ ਘਟਨਾ ਵਿੱਚ, ਅਧਿਕਾਰੀਆਂ ਨੂੰ 29 ਅਕਤੂਬਰ ਨੂੰ ਦੁਬਈ ਤੋਂ ਆਏ ਇੱਕ ਯਾਤਰੀ ਦੇ ਬੈਗ ਵਿੱਚ ਰੱਖਿਆ ਇੱਕ ਪੋਰਟੇਬਲ ਡਿਜੀਟਲ ਵੀਡੀਓ ਡਿਸਕ (ਡੀਵੀਡੀ) ਰਾਈਟਰ ਵਿੱਚ ਸਟੋਰ ਕੀਤਾ ਸੋਨਾ ਮਿਲਿਆ। ਕਸਟਮ ਵਿਭਾਗ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਸ ਤੋਂ ਬਾਅਦ ਬੈਗ ਦੀ ਜਾਂਚ 'ਚ 15 ਮੋਬਾਈਲ ਫ਼ੋਨ ਅਤੇ 9000 ਵਿਦੇਸ਼ੀ ਸਿਗਰੇਟ ਮਿਲੇ ਹਨ। ਦੂਜੀ ਘਟਨਾ ਵਿੱਚ ਦੁਬਈ ਤੋਂ ਆਏ ਇੱਕ ਯਾਤਰੀ ਤੋਂ ਪੇਸਟ ਦੇ ਰੂਪ ਵਿੱਚ ਸੋਨਾ ਜ਼ਬਤ ਕੀਤਾ ਗਿਆ।



ਬਿਆਨ ਵਿੱਚ ਕਿਹਾ ਗਿਆ ਹੈ ਕਿ ਕਸਟਮ ਐਕਟ, 1962 ਦੀਆਂ ਸਬੰਧਤ ਧਾਰਾਵਾਂ ਦੇ ਤਹਿਤ ਦੋਵਾਂ ਯਾਤਰੀਆਂ ਤੋਂ ਕੁੱਲ 910 ਗ੍ਰਾਮ ਸੋਨਾ, ਜਿਸਦੀ ਕੀਮਤ 40.53 ਲੱਖ ਰੁਪਏ ਹੈ, ਜ਼ਬਤ ਕੀਤਾ ਗਿਆ ਸੀ। ਇਸ ਦੇ ਨਾਲ ਹੀ 3.15 ਲੱਖ ਰੁਪਏ ਦੇ ਮੋਬਾਈਲ ਫ਼ੋਨ ਅਤੇ ਵਿਦੇਸ਼ੀ ਸਿਗਰਟਾਂ ਜ਼ਬਤ ਕੀਤੀਆਂ ਗਈਆਂ ਹਨ।



# ਮਹਾਰਾਸ਼ਟਰ ਦੇ ਅਮਰਾਵਤੀ 'ਚ ਖਸਤਾਹਾਲ ਇਮਾਰਤ ਡਿੱਗਣ ਕਾਰਨ 5 ਦੀ ਮੌਤ

ਮੁੰਬਈ, 30 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਅਮਰਾਵਤੀ ਸ਼ਹਿਰ 'ਚ ਐਤਵਾਰ ਨੂੰ ਇਕ ਦੋ ਮੰਜ਼ਿਲਾ ਇਮਾਰਤ ਡਿੱਗਣ ਕਾਰਨ 5 ਲੋਕਾਂ ਦੀ ਮੌਤ ਹੋ ਗਈ। ਨਾਲ ਹੀ ਇਸ ਘਟਨਾ 'ਚ ਦੋ ਲੋਕ ਗੰਭੀਰ ਰੂਪ 'ਚ ਜ਼ਖਮੀ ਹੋ ਗਏ ਹਨ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ ਹੈ। ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਦੁਪਹਿਰ ਕਰੀਬ 2 ਵਜੇ ਵਾਪਰੀ। ਅਮਰਾਵਤੀ ਦੇ ਪੁਲਿਸ ਕਮਿਸ਼ਨਰ ਡਾ ਆਰਤੀ ਸਿੰਘ ਨੇ ਕਿਹਾ, "ਸ਼ਹਿਰ ਦੇ ਪ੍ਰਭਾਤ ਚੌਕ ਇਲਾਕੇ ਵਿੱਚ ਸਥਿਤ ਇਮਾਰਤ ਡਿੱਗ ਗਈ, ਜਿਸ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ।"



ਇਮਾਰਤ ਡਿੱਗਣ ਤੋਂ ਬਾਅਦ ਬਚਾਅ ਦਲ ਨੇ ਮਲਬੇ ਹੇਠ ਦੱਬੇ ਲੋਕਾਂ ਦੀਆਂ ਲਾਸ਼ਾਂ ਨੂੰ ਬਾਹਰ ਕੱਢਿਆ। ਹਾਲਾਂਕਿ ਬਚਾਅ ਕਾਰਜ ਅਜੇ ਵੀ ਜਾਰੀ ਹੈ। ਜ਼ਿਲ੍ਹਾ ਕੁਲੈਕਟਰ ਪਵਨੀਤ ਕੌਰ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾਵੇਗੀ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਨਗਰਪਾਲਿਕਾ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਅਮਰਾਵਤੀ ਨਗਰ ਨਿਗਮ (ਏਐਮਸੀ) ਨੇ ਇਸ ਸਾਲ ਜੁਲਾਈ ਵਿੱਚ ਇਮਾਰਤ ਨੂੰ ਢਾਹੁਣ ਲਈ ਨੋਟਿਸ ਜਾਰੀ ਕੀਤਾ ਸੀ। ਇਹ ਇਮਾਰਤ ਬਹੁਤ ਪੁਰਾਣੀ ਹੈ ਅਤੇ ਖਸਤਾ ਹਾਲਤ ਵਿੱਚ ਹੈ।

ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਅਤੇ ਟਵਿੱਟਰ 'ਤੇ ਐਲਾਨ ਕੀਤਾ ਕਿ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਆਪਣੀ ਜਾਨ ਗੁਆਉਣ ਵਾਲੇ ਹਰੇਕ ਵਿਅਕਤੀ ਦੇ ਪਰਿਵਾਰ ਨੂੰ ਮੁੱਖ ਮੰਤਰੀ ਰਾਹਤ ਫੰਡ ਤੋਂ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਖਮੀਆਂ ਦੇ ਇਲਾਜ ਦਾ ਖਰਚਾ ਸੂਬਾ ਸਰਕਾਰ ਚੁੱਕੇਗੀ। ਇਸ ਦੇ ਨਾਲ ਹੀ ਫੜਨਵੀਸ ਨੇ ਟਵੀਟ ਕੀਤਾ ਕਿ ਡਿਵੀਜ਼ਨਲ ਕਮਿਸ਼ਨਰ ਨੂੰ ਘਟਨਾ ਦੀ ਜਾਂਚ ਦੇ ਨਿਰਦੇਸ਼ ਦਿੱਤੇ ਗਏ ਹਨ।

## ਰੂਸ ਨੇ ਕ੍ਰੀਮੀਆ 'ਤੇ ਡਰੋਨ ਹਮਲੇ ਨੂੰ ਲੈ ਕੇ ਬ੍ਰਿਟੇਨ 'ਤੇ ਲਗਾਇਆ 'ਸ਼ਾਮਲ' ਹੋਣ ਦਾ ਦੋਸ਼

ਕੀਵ, 30 ਅਕਤੂਬਰ (ਪੋਸਟ ਬਿਊਰੋ)- ਯੂਕਰੇਨ ਅਤੇ ਰੂਸ ਵਿਚਾਲੇ ਪਿਛਲੇ ਅੱਠ ਮਹੀਨਿਆਂ ਤੋਂ ਵੱਧ ਸਮੇਂ ਤੋਂ ਜੰਗ ਚੱਲ ਰਹੀ ਹੈ। ਦੋਵਾਂ ਪਾਸਿਆਂ ਤੋਂ ਹੋ ਰਹੇ ਹਮਲਿਆਂ ਦਰਮਿਆਨ ਇਲਜ਼ਾਮਾਂ ਤੇ ਜਵਾਬੀ ਦੋਸ਼ਾਂ ਦਾ ਦੌਰ ਵੀ ਚੱਲ ਰਿਹਾ ਹੈ। ਰੂਸ ਨੇ ਬ੍ਰਿਟੇਨ 'ਤੇ ਕ੍ਰੀਮੀਆ 'ਤੇ ਡਰੋਨ ਹਮਲੇ 'ਚ 'ਸ਼ਾਮਲ' ਹੋਣ ਦਾ ਦੋਸ਼ ਲਗਾਇਆ ਹੈ। ਰੂਸ ਦੇ ਰੱਖਿਆ ਮੰਤਰਾਲੇ ਨੇ ਦੋਸ਼ ਲਗਾਇਆ ਹੈ ਕਿ ਯੂਕਰੇਨ ਨੇ ਬ੍ਰਿਟੇਨ ਦੇ ਮਾਹਰਾਂ ਦੀ "ਸਿਖਲਾਈ" ਅਤੇ "ਨਿਗਰਾਨੀ" ਦੇ ਤਹਿਤ ਇਹ ਹਮਲਾ ਅਸਫਲ ਕੀਤਾ ਹੈ। ਰੂਸ ਦੇ ਰੱਖਿਆ ਮੰਤਰਾਲੇ ਨੇ ਆਪਣੇ ਬਿਆਨ 'ਚ ਕਿਹਾ, "ਕੀਵ ਸ਼ਾਸਨ ਨੇ ਕਾਲਾ ਸਾਗਰ ਫਲੀਟ ਦੇ ਜਹਾਜ਼ਾਂ ਅਤੇ ਨਾਗਰਿਕ ਜਹਾਜ਼ਾਂ 'ਤੇ ਅੱਤਵਾਦੀ ਹਮਲਾ ਕੀਤਾ ਹੈ, ਜੋ ਸੇਵਾਸਤੋਪੋਲ ਬੇਸ ਦੀਆਂ ਬਾਹਰੀ ਅਤੇ ਅੰਦਰੂਨੀ ਸੜਕਾਂ 'ਤੇ ਸਨ। ਇਸ ਹਮਲੇ 'ਚ ਨੌਂ ਮਾਨਵ ਰਹਿਤ ਹਵਾਈ ਵਾਹਨ ਸ਼ਾਮਲ ਸਨ ਅਤੇ ਸੱਤ ਸਮੁੰਦਰੀ ਡਰੋਨ ਸ਼ਾਮਲ ਸਨ।"



ਮੰਤਰਾਲੇ ਨੇ ਇਕ ਬਿਆਨ 'ਚ ਕਿਹਾ, "ਇਸ ਅੱਤਵਾਦੀ ਘਟਨਾ ਦੀ ਤਿਆਰੀ ਅਤੇ 73ਵੇਂ ਸਮੁੰਦਰੀ ਸਪੈਸ਼ਲ ਆਪਰੇਸ਼ਨ ਸੈਂਟਰ ਦੇ ਫੌਜੀ ਜਵਾਨਾਂ ਦੀ ਸਿਖਲਾਈ ਬ੍ਰਿਟਿਸ਼ ਮਾਹਰਾਂ ਦੀ ਨਿਗਰਾਨੀ 'ਚ ਕੀਤੀ ਗਈ ਸੀ। ਬ੍ਰਿਟੇਨ ਨੇ ਅਜੇ ਤੱਕ ਇਸ ਮਾਮਲੇ 'ਚ ਦੋਸ਼ਾਂ ਦਾ ਜਵਾਬ ਨਹੀਂ ਦਿੱਤਾ ਹੈ। ਰੂਸ ਨੇ ਇਹ ਵੀ ਦੋਸ਼ ਲਾਇਆ ਕਿ ਬ੍ਰਿਟਿਸ਼ ਜਲ ਸੈਨਾ ਦੇ ਨੁਮਾਇੰਦੇ 26 ਸਤੰਬਰ ਨੂੰ ਨੋਰਡ ਸਟ੍ਰੀਮ 1 ਅਤੇ ਨੋਰਡ ਸਟ੍ਰੀਮ 2 ਗੈਸ ਪਾਈਪਲਾਈਨਾਂ ਨੂੰ ਉਡਾਉਣ ਲਈ ਬਾਲਟਿਕ ਸਾਗਰ ਵਿੱਚ ਹਮਲੇ ਦੀ ਸਾਜ਼ਿਸ਼ ਅਤੇ ਯੋਜਨਾ ਬਣਾਉਣ ਵਿੱਚ ਸ਼ਾਮਲ ਸਨ।

ਮਾਸਕੋ ਦੇ ਕਬਜ਼ੇ ਵਾਲੇ ਕ੍ਰੀਮੀਆ ਦੇ ਸੇਵਾਸਤੋਪੋਲ ਨੂੰ ਹਾਲ ਹੀ ਦੇ ਮਹੀਨਿਆਂ ਵਿੱਚ ਕਈ ਵਾਰ ਨਿਸ਼ਾਨਾ ਬਣਾਇਆ ਗਿਆ ਹੈ। ਇਹ ਫਲੀਟ ਹੈੱਡਕੁਆਰਟਰ ਅਤੇ ਯੂਕਰੇਨ ਵਿੱਚ ਸੰਚਾਲਨ ਲਈ ਇੱਕ ਲੌਜਿਸਟਿਕ ਹੱਬ ਵਜੋਂ ਕੰਮ ਕਰਦਾ ਹੈ। ਰੂਸੀ ਫੌਜ ਨੇ ਦਾਅਵਾ ਕੀਤਾ ਹੈ ਕਿ ਉਸਨੇ ਸ਼ਨੀਵਾਰ ਤੜਕੇ ਬੰਦਰਗਾਹ 'ਤੇ ਕੀਤੇ ਹਮਲੇ ਵਿੱਚ ਨੌਂ ਡਰੋਨ ਅਤੇ ਸੱਤ ਸਮੁੰਦਰੀ ਡਰੋਨਾਂ ਨੂੰ "ਨਸ਼ਟ" ਕਰ ਦਿੱਤਾ ਹੈ।







### ਦਿੱਲੀ ਦੀ ਹਵਾ ਲਗਾਤਾਰ ਹੁੰਦੀ ਜਾ ਰਹੀ ਜ਼ਹਿਰੀਲੀ, ਹਵਾ ਦੀ ਗੁਣਵੱਤਾ ਬਹੁਤ ਖਰਾਬ

ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਰਾਸ਼ਟਰੀ ਰਾਜਧਾਨੀ ਵਿੱਚ ਐਤਵਾਰ ਨੂੰ ਹਵਾ ਦੀ ਗੁਣਵੱਤਾ ਬਹੁਤ ਖ਼ਰਾਬ ਸ਼੍ਰੇਣੀ ਵਿੱਚ ਦਰਜ ਕੀਤੀ ਗਈ ਜਦੋਂ ਕਿ ਘੱਟੋ-ਘੱਟ ਤਾਪਮਾਨ 15 ਡਿਗਰੀ ਸੈਲਸੀਅਸ ਰਿਹਾ, ਜੋ ਕਿ ਆਮ ਨਾਲੋਂ ਇੱਕ ਡਿਗਰੀ ਘੱਟ ਹੈ। ਭਾਰਤੀ ਮੌਸਮ ਵਿਭਾਗ ਨੇ ਕਿਹਾ ਕਿ ਐਤਵਾਰ ਸਵੇਰੇ 8.30 ਵਜੇ ਸਾਪੇਖਿਕ ਨਮੀ 70 ਫੀਸਦੀ ਸੀ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਦਿੱਲੀ ਵਿੱਚ ਸਵੇਰੇ 9.10 ਵਜੇ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 367 ਸੀ, ਜੋ ਕਿ ਬਹੁਤ ਖਰਾਬ ਸ਼੍ਰੇਣੀ ਵਿਚ ਆਉਂਦਾ ਹੈ। ਅੰਕੜਿਆਂ ਅਨੁਸਾਰ, ਦਿੱਲੀ ਦੇ ਪ੍ਰਮੁੱਖ ਨਿਗਰਾਨੀ ਸਟੇਸ਼ਨਾਂ 'ਤੇ ਗੰਭੀਰ ਸ਼੍ਰੇਣੀ ਵਿੱਚ ਦਰਜ ਕੀਤਾ ਗਿਆ ਸੀ। ਸਟੇਸ਼ਨਾਂ ਐਨਐਸਆਈਟੀ ਦਵਾਰਕਾ (411), ਜਹਾਂਗੀਰਪੁਰੀ (407), ਵਿਵੇਕ ਵਿਹਾਰ (423), ਵਜ਼ੀਰਪੁਰ (412) ਅਤੇ ਆਨੰਦ ਵਿਹਾਰ (468)।

ਜ਼ੀਰੋ ਤੋਂ 50 ਦੇ ਵਿਚਕਾਰ ਨੂੰ ਚੰਗਾ, 51 ਤੋਂ 100 ਤਸੱਲੀਬਖਸ਼, 101 ਤੋਂ 200 ਦਰਮਿਆਨਾ, 201 ਤੋਂ 300 ਖਰਾਬ, 301 ਤੋਂ 400 ਬਹੁਤ ਖਰਾਬ ਅਤੇ 401 ਤੋਂ 500 ਨੂੰ ਗੰਭੀਰ ਮੰਨਿਆ ਜਾਂਦਾ ਹੈ। ਮੌਸਮ ਵਿਭਾਗ ਨੇ ਦਿਨ ਵੇਲੇ ਦਿੱਲੀ ਵਿੱਚ ਆਸਮਾਨ ਸਾਫ਼ ਰਹਿਣ ਦੀ ਸੰਭਾਵਨਾ ਜਤਾਈ ਹੈ। ਰਾਸ਼ਟਰੀ ਰਾਜਧਾਨੀ ਵਿੱਚ ਵੱਧ ਤੋਂ ਵੱਧ ਤਾਪਮਾਨ 32 ਡਿਗਰੀ ਸੈਲਸੀਅਸ ਦੇ ਆਸਪਾਸ ਰਹਿਣ ਦੀ ਸੰਭਾਵਨਾ ਹੈ।

# ਇੱਕ ਖਤ ਬਾਬਾ ਨਾਨਕ ਦੇਵ ਜੀ ਦੇ ਨਾਮ



ਪਿਆਰੇ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ, ਸਭ ਤੋਂ ਪਹਿਲਾ ਆਪ ਜੀ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਉਮੀਦ ਹੈ ਕਿ ਤੁਸੀਂ ਜਿੱਥੇ ਵੀ ਹੋਵੇਗੇ, ਠੀਕ ਹੋਵੇਗੇ ਅਤੇ ਸਾਨੂੰ ਧਰਤੀ ਵਾਸੀਆਂ ਨੂੰ ਯਾਦ ਕਰਦੇ ਹੋਵੋਗੇ। ਅਸੀ ਵੀ ਤੁਹਾਨੂੰ ਰੋਜ਼ ਯਾਦ ਕਰਦੇ ਹਾਂ, ਤੁਹਾਡੀ ਦਿੱਤੀਆਂ ਸਿੱਖਿਆਵਾਂ ਤੇ ਚੱਲਣ ਦਾ ਯਤਨ ਵੀ ਕਰ ਰਹੇ ਹਾਂ।

ਹੁਣ ਸਾਲ 2020 ਚੱਲ ਰਿਹਾ ਹੈ, ਧਰਤੀ ਤੇ ਤੁਹਾਡੇ ਜਾਣ ਤੋਂ ਬਾਅਦ ਬੜਾ ਕੁੱਝ ਬਦਲ ਗਿਆ ਹੈ ।ਅਸੀ ਤੁਹਾਡਾ 550ਵਾਂ ਜਨਮ ਦਿਹਾੜਾ ਵੀ ਬਹੁਤ ਵੱਡੀ ਪੱਧਰ ਤੇ ਮਨਾ ਲਿਆ ਹੈ। ਤੁਹਾਡੇ ਨਾਮ ਤੇ ਬਹੁਤ ਵੱਡੇ ਵੱਡੇ ਸਮਾਗਮ ਹੋਏ ਹਨ, ਜਿਹਨਾਂ ਵਿੱਚ ਤੁਹਾਡੀ ਸਿੱਖਿਆਵਾਂ ਨੂੰ ਆਮ ਲੋਕਾਂ ਤੱਕ ਪਾਹੁੰਚਾਉਣ ਦਾ ਯਤਨ ਕੀਤਾ ਗਿਆ ਹੈ।

ਤੁਸੀਂ ਜਿਹੜਾਂ 20 ਰੁਪਏ ਨਾਲ ਲੰਗਰ ਸੁਰੂ ਕੀਤਾ ਸੀ, ਉਹ ਅੱਜ ਸਾਰੀ ਦੁਨੀਆਂ ਵਿੱਚ ਤੁਹਾਡੀ ਕੌਮ ਵੱਲੋਂ ਵਰਤਾਇਆ ਜਾ ਰਿਹਾ ਹੈ। "ਖਾਲਸਾ ਐਡ" ਵਾਲਿਆਂ ਵਰਗੇ ਤੇਰੇ ਸੱਚੇ ਸਿੱਖ ਬਗੈਰ ਕਿਸੇ ਭੇਦ ਭਾਵ ਦੇ ਸਾਰੀ ਦੁਨੀਆਂ ਵਿੱਚ ਦੀਨ-ਦੁਖੀਆਂ ਦੀ ਸੇਵਾ ਕਰ ਰਹੇ ਹਨ। ਬਾਬਾ ਜੀ ਜਦੋਂ ਕਰੋਣਾ ਮਹਾਂਮਾਰੀ ਨੇ ਸਾਰੀ ਦੁਨੀਆਂ ਨੂੰ ਬੰਦ ਕਰਾ ਦਿੱਤਾ ਸੀ ਤਾਂ ਬਹੁਤ ਸਾਰੇ ਦੁਕਾਨਦਾਰ ਵੀਰ ਜਰੂਰਤ ਦੀਆਂ ਚੀਜਾਂ ਮਹਿੰਗੇ ਮੁੱਲ ਵਿੱਚ ਵੇਚ ਕੇ " ਜਾਲਮ" ਹੋਣ ਦਾ ਸਾਬੂਤ ਦੇ ਰਹੇ ਸਨ ਤਾਂ ਤੇਰੇ ਸੱਚੇ ਸਿੱਖ ਆਪਣੇ ਪੱਲੇ ਤੋਂ ਪੈਸੇ ਖਰਚ ਕੇੈ ਭੁੱਖੇ ਲੋਕਾਂ ਲਈ ਸਾਰੀ ਦੁਨੀਆਂ ਵਿੱਚ ਮੁੱਫਤ ਵਿੱਚ ਲੰਗਰ ਲਗਾ ਕੇ ਮਾਨਵਤਾ ਦੀ ਅਸਲੀ ਸੇਵਾ ਕਰ ਰਹੇ ਸਨ, ਜਿਸ ਤੇ ਹਰ ਸਿੱਖ ਨੂੰ ਹਮੇਸਾਂ ਮਾਣ ਰਹੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ ਗਿਆ ਸੀ ਤੇ ਹੁਕਮ ਦਿੱਤਾ ਸੀ ਕਿ ਹਰ ਸਿੱਖ ਦਾ ਸਿਰ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਅੱਗੇ ਨਾ ਝੁੱਕੇ। ਪਰ ਅੱਜ ਦਾ ਸਿੱਖ ਸਾਧਾਂ ਦੇ ਡੇਰਿਆਂ ਤੇ ਮੱਥਾ ਰੱਗੜਦਾ ਫਿਰ ਰਿਹਾ ਹੈ ਜੋ ਕਿ ਸਾਡੇ ਲਈ ਸਰਮ ਵਾਲੀ ਗੱਲ ਹੈ। ਸਾਡੇ ਗੁਰੂਆਂ ਨੂੰ ਸਾਨੂੰ ਨਿੰਦਾ ਚੁਗਲੀ ਛੱਡਣ ਦੀ ਨਸੀਹਤ ਦਿੱਤੀ ਸੀ, ਪਰ ਅਸੀ ਅੰਡਾਂ,ਮੀਟ, ਸਰਾਬ ਆਦਿ ਨੂੰ ਛੱਡ ਕੇ ਆਪਣੇ ਆਪ ਨੂੰ ਸੱਚੇ ਸਿੱਖ ਸਮਝਨ ਲੱਗ ਗਏ ਹਾਂ। ਜਿਸ ਔਰਤ ਬਾਰੇ ਤੁਸੀਂ ਕਿਹਾ ਸੀ ਕਿ " ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ" ਅੱਜ ਉਹਨਾਂ ਔਰਤਾਂ ਦੇ ਹੋ ਰਹੇ ਅਪਮਾਨ ਦੀਆਂ ਖਬਰਾਂ ਨਿੱਤ ਅਖਵਾਰਾਂ ਵਿੱਚ ਛਪ ਰਹੀਆਂ ਹਨ। ਕੁੜੀਆਂ ਨੂੰ ਜਨਮ ਤੋਂ ਪਹਿਲਾਂ ਅੱਜ ਵੀ ਮਾਰਿਆ ਜਾ ਰਿਹਾ ਹੈ।

ਤੁਸੀਂ ਆਪਣੇ ਚਾਹੁਣ ਵਾਲਿਆਂ ਨੂੰ ਕਿਰਤ ਕਰੋ, ਵੰਡ ਛੱਕੋ ਬਾਰੇ ਦੱਸਿਆ ਸੀ, ਬੇਈਮਾਨੀ ਦੀ ਰੋਟੀ ਚੋ ਖੂਨ ਕੱਢ ਕੇ ਤੁਸੀ ਸੱਚੀ-ਸੁੱਚੀ ਕਿਰਤ ਕਰਨ ਦਾ ਉਪਦੇਸ਼ ਵੀ ਦਿੱਤਾ ਸੀ, ਪਰ ਅੱਜ ਬਹੁਤ ਸਾਰੇ ਲੋਕਾਂ ਨੇ ਤੁਹਾਡੇ ਨਾਮ ਤੇ ਦੁਕਾਨਦਾਰੀਆਂ ਸੁਰੂ ਕਰ ਲਈਆਂ ਹਨ ਜਿਵੇਂ ਕਿ " ਗੁਰੂ ਨਾਨਕ ਪਬਲਿਕ ਸਕੂਲ/ਕਾਲਜ" , "ਗੁਰੂ ਨਾਨਕ ਸਵੀਵਸ ਜਾਂ ਗੁਰੂ ਨਾਨਕ ਡੇਅਰੀ" ਆਦਿ। ਤੁਹਾਡੇ ਨਾਮ ਤੇ ਹੋਰ ਵੀ ਬਹੁਤ ਸਾਰੀਆਂ ਦੁਕਾਨਦਾਰੀਆਂ ਚੱਲ ਰਹੀਆਂ ਹਨ, ਜਿੰਨਾਂ ਵਿੱਚ ਜਿਆਦਾਤਰ ਝੂਠ ਦਾ ਸੌਦਾ ਹੀ ਵੇਚਿਆ ਜਾ ਰਿਹਾ ਹੈ। ਇਹਨਾਂ ਸਕੂਲਾਂ/ ਕਾਲਜਾਂ ਵਿੱਚ ਮਹਿੰਗੀਆਂ ਫੀਸਾਂ ਲੈਕੇ ਬੱਚਿਆ ਨੂੰ ਪੜਾਇਆ ਜਾ ਰਿਹਾ ਹੈ , ਜਿਸ ਕਰਕੇ ਗਰੀਬਾਂ ਦੇ ਬੱਚਿਆਂ ਨੂੰ ਸਿੱਖਿਆ ਲੈਣੀ ਮੁਸਕਿਲ ਹੋਈ ਪਈ ਹੈ। ਖਾਣ ਪੀਣ ਦੀਆਂ ਦੁਕਾਨਾ ਉੱਤੇ ਤੁਹਾਡੇ ਨਾਮ ਤੇ ਖੁੱਲੇ ਹੋਟਲਾਂ ਵਿੱਚ ਨਕਲੀ ਮਠਿਆਈ ,ਨਕਲੀ ਦੁੱਧ, ਨਕਲੀ ਦਹੀਂ, ਨਕਲੀ ਪਨੀਰ ਆਦਿ ਵੇਚ ਕੇ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਸਾਡੇ ਕਿਸਾਨ ਵੀਰ ਕਿਹੜਾ ਘੱਟ ਹਨ, ਸਿਰਫ ਵੱਧ ਮੁਨਾਫਾ ਲੈਣ ਲਈ ਉਹ ਵੀ ਅੱਜ ਸਿਰਫ ਰੇਹਾਂ ਸਪਰੇਹਾਂ ਨਾਲ ਹੀ ਖੇਤੀਬਾੜੀ ਕਰਕੇ ਸਾਨੂੰ ਜ਼ਹਿਰ ਹੀ ਪਰੋਸ ਰਹੇ ਹਨ, ਜਿਹਨਾਂ ਕਰਕੇ ਆਪਣਾ ਰੰਗਲਾ ਪੰਜਾਬ ਅੱਜ ਬਿਮਾਰੀਆਂ ਦਾ ਘਰ ਬਣਦਾ ਜਾ ਰਿਹਾ ਹੈ। ਬਹੁਤ ਸਾਰੇ ਨੇਤਾ ਸਾਨੂੰ ਬੁੱਧੂ ਬਣਾ ਕੇ ਸਾਡੇ ਤੇ ਰਾਜ ਕਰੀ ਜਾ ਰਹੇ ਹਨ, ਅਸੀਂ ਹਰ ਵਾਰ ਉਹਨਾਂ ਦੇ ਲਾਰਿਆਂ ਨੂੰ ਸੱਚ ਮੰਨ ਨੇ ਉਹਨਾਂ ਤੇ ਯਕੀਨ ਕਰ ਲੈਂਦੇ ਹਾਂ,ਤੇ ਫਿਰ ਪਛਤਾਉਂਦੇ ਰਹਿੰਦੇ ਹਾਂ, ਕਿਉਕਿ ਅਸੀਂ ਤੁਹਾਡੇ ਵਾਗੂੰ ਤਰਕ ਕਰਨਾ ਤਾਂ ਤਕਰੀਬਨ ਬੰਦ ਹੀ ਕਰ ਦਿੱਤਾ ਹੈ ਜੀ।



ਗੁਰਪ੍ਰੀਤ ਸਿੰਘ
ਵਿੱਕੀਪਿੰਡ ਤੇ ਡਾਕ
ਬਡਾਲੀ ਆਲਾ ਸਿੰਘ
ਜਿਲਾ ਫਤਿਹਗੜ੍ਹ ਸਾਹਿਬ
8284888700

ਆਪ ਨੇ ਤੀਰਥਾਂ ਤੇ ਨਹਾਉਣ ਨੂੰ ਅੰਧ ਵਿਸਵਾਸ ਦੱਸਿਆ ਸੀ, ਪਰ ਸਾਡੇ ਧਰਮ ਦੇ ਕਈ ਪ੍ਰਚਾਰਕ ਸਰੋਵਰਾਂ ਵਿੱਚ ਨਹਾਉਣ ਨਾਲ ਹੀ ਪਾਪ ਉੱਤਰਨ ਦੀਆਂ ਦਲੀਲਾਂ ਦੇਈ ਜਾਦੇ ਹਨ। ਸਿੱਖ ਧਰਮ ਦੇ ਵੱਡੇ ਤੀਰਥ ਅਸਥਾਨਾਂ ਦੇ ਬਾਹਰ ਪਾਣੀ ਵਾਲੀਆਂ ਪੀਪੀਆਂ ਸਰੇਆਮ ਵਿੱਕ ਰਹੀਆਂ ਹਨ , ਜਿਹਨਾਂ ਵਿੱਚ ਸਰੋਵਰ ਦੇ ਜਲ ਨੂੰ ਘਰ ਲੈਕੇ ਜਾਇਆ ਜਾਂਦਾ ਹੈ। ਕਈ ਵੱਡੇ ਗੁਰਦੁਆਰਿਆਂ ਦੇ ਅੰਦਰ ਪਸ਼ਾਦ ਵੀ ਪੈਸ਼ੇ ਦੇ ਹਿਸਾਬ ਨਾਲ ਮਿਲਦਾ ਹੈ, ਘੱਟ ਪੈਸੇ ਦੇਣ ਵਾਲੇ ਨੂੰ ਆਮ ਪ੍ਰਸਾਦ , ਵੱਧ ਪੈਸੇ ਦੇਣ ਤੇ ਪਿੰਨੀ ਦਾ ਪ੍ਰਸਾਦ ਜਾਂ ਸਿਰੋਪਾ ਆਦਿ ਮਿਲਦਾ ਹੈ, ਇਹ ਸਭ ਵੇਖ ਕੇ ਇੱਕ ਗਰੀਬ ਸ਼ਰਧਾਵਾਨ ਸਰਧਾਲੂ ਦੇ ਦਿਲ ਤੇ ਕੀ ਬੀਤਦੀ ਹੋਣੀ? ਕਿਤੇ ਗੁਰੂਆਂ ਦੀਆਂ ਖੜਾਵਾਂ ਨੂੰ ਮੱਥਾ ਟੇਕਵਾਇਆ ਜਾ ਰਿਹਾ ਹੈ ਕਿਤੇ ਕਿਸੇ ਦਰੱਖਤ ਨੂੰ , ਇਹਨਾਂ ਕੋਲ ਪੈਸੇ ਦੀ ਉਹਰਾਈ ਕਰਨ ਲਈ ਵੱਡੇ ਵੱਡੇ ਗੋਲਕ ਵੀ ਰੱਖ ਦਿੱਤੇ ਗਏ ਹਨ, ਜਿਸ ਨਾਲ ਮੂਰਤੀਪੂਜਾ ਕਰਵਾ ਕੇ ਪੈਸੇ ਇਕੱਠੇ ਕੀਤੇ ਜਾ ਰਹੇ ਹਨ।

ਤੁਸੀਂ ਆਪ ਖੇਤੀ ਕਰਕੇ ਦੁਨੀਆਂ ਨੂੰ ਹੱਥੀ ਮਿਹਨਤ ਕਰਨ ਦਾ ਉਪਦੇਸ਼ ਦਿੱਤਾ ਸੀ, ਪਰ ਅੱਜ ਦਾ ਮਿਹਨਤੀ ਕਿਸਾਨ ਸਰਕਾਰਾਂ ਦੀ ਗਲਤ ਨੀਤੀਆਂ ਕਾਰਨ ਸੜਕਾਂ ਤੇ ਧਰਨੇ ਲਾਈ ਬੈਠਾ ਹੈ , ਪਰ ਫਿਰ ਵੀ ਬੇਸ਼ਰਮ ਸਰਕਾਰ ਨੂੰ ਮੀਂਹ, ਗਰਮੀ, ਸਰਦੀ ਚੋ ਬੈਠੇ ਸਾਡੇ ਕਿਸਾਨਾਂ ਤੇ ਤਰਸ ਨਹੀ ਆ ਰਿਹਾ ਹੈ। ਕ੍ਰਿਪਾ ਕਰਕ ਇਹਨਾਂ ਸਾਰੇ ਕਿਸਾਨਾਂ ਦੇ ਸਿਰ ਤੇ ਮਹਿਰ ਭਰਿਆ ਹੱਥ ਰੱਖਣਾ ਜੀ ਅਤੇ ਜੁਲਮ ਖਿਲਾਫ ਲੰਮੀ ਲੜਾਈ ਲੜਨ ਦਾ ਹੌਸਲਾ ਬਖਸਣਾਂ ਜੀ।

ਬਾਬਾ ਜੀ ਤੁਸੀਂ ਸਾਨੂੰ ਰੱਲ ਮਿਲ ਕੇ ਰਹਿਣ ਦਾ ਉਪਦੇਸ ਦਿੱਤਾ ਸੀ, ਪਰ ਅੱਜ ਧਰਮ ਦੇ ਨਾਮ ਤੇ ਲੋਕਾਂ ਦਾ ਕਤਲ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਪੈਸੇ ਦੇ ਲਾਲਚ ਵਿੱਚ ਅਗਵਾ ਕਰਕੇ ਕਤਲ ਕੀਤਾ ਜਾ ਰਿਹਾ ਹੈ। ਪਖੰਡੀ ਬਾਬਿਆਂ ਨੇ ਥਾਂ-ਥਾਂ ਆਪਣੇ ਡੇਰੇ ਬਣਾ ਲਏ ਹਨ, ਜਿਹਨਾਂ ਦਾ ਕੰਮ ਲੋਕਾਂ ਨੂੰ ਪ੍ਰਮਾਤਮਾ ਨਾਲ ਜੋੜਨਾ ਨਹੀ, ਸਗੋਂ ਧਰਮ ਦੇ ਨਾਮ ਤੇ ਲੋਕਾਂ ਦੀ ਆਰਥਿਕ ਲੁੱਟ ਕਰਨੀ ਹੀ ਹੈ। ਕਈ ਪੜੇ ਲ਼ਿਖੇ ਸਿੱਖ ਅਤੇ ਸਾਡੇ ਲੀਡਰ ਵੀ ਇਹਨਾਂ ਡੇਰਿਆਂ ਵਿੱਚ ਨੱਕ ਰਗੜਦੇ ਆਮ ਵੇਖੇ ਜਾ ਸਕਦੇ ਹਨ।

ਅਸੀਂ ਅੱਜ ਗੁਰਦਵਾਰੇ ਬਹੁਤ ਵਧੀਆਂ ਬਣਾ ਲਏ ਹਨ, ਆਮ ਲੋਕਾਂ ਵਿੱਚ ਇਹ ਭਰਮ ਹੈ ਕਿ ਤੁਸੀ ਸਿਰਫ ਗੁਰਦਵਾਰਾ ਸਾਹਿਬ ਦੀ ਪੱਥਰ ਦੀ ਇਮਾਰਤ ਵਿੱਚ ਹੀ ਰਹਿੰਦੇ ਹੋ। ਜਦ ਕਿ ਤੁਸੀ ਆਮ ਲੋਕਾਂ ਦੇ ਗੁਰੁ ਹੋ, ਆਮ ਲੋਕਾਂ ਵਿੱਚ ਵਿਰਚਦੇ ਸੀ, ਤੁਸੀ ਆਪਣੀ ਸਾਰੀ ਜਿੰਦਗੀ ਦੁਨੀਆਂ ਨੂੰ ਵਹਿਮਾਂ ਭਰਮਾਂ ਚੋ ਦੂਰ ਕਰਨ ਤੇ ਤਰਕ ਉੱਤੇ ਵਿਸ਼ਵਾਸ ਕਰਨ ਵਿੱਚ ਲੱਗਵਾ ਦਿੱਤੀ ਸੀ। ਪਰ ਲੋਕ ਅੱਜ ਵੀ ਵਹਿਮਾਂ ਭਰਮਾਂ ਵਿੱਚ ਫਸੇ ਹੋਏ ਹਨ।

ਕਹਿੰਦੇ ਹਨ ਕਿ ਇੱਕ ਵਾਰ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾਂ ਤੰਬਾਕੂ ਦੇ ਖੇਤ ਵਿੱਚ ਨਹੀ ਗਿਆ ਸੀ। ਪਰ ਸਾਡੇ ਸਿੱਖ ਭਾਈ ਹੀ ਅੱਜ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿੱਚ ਪੋਸਤ ਦੀ ਖੇਤੀ ਦੀ ਮੰਗ ਕਰ ਰਹੇ ਹਨ। ਜੇਕਰ ਸਰਕਾਰ ਵੱਲੋਂ ਪੰਜਾਬ ਵਿੱਚ ਪੋਸਤ(ਅਫੀਮ) ਦੀ ਖੇਤੀ ਕਰਨ ਦੀ ਖੁੱਲ ਦੇ ਦਿੱਤੀ ਜਾਂਦੀ ਹੈ ਤਾਂ ਹੋ ਸਕਦਾ ਪੰਜਾਬ ਦੇ ਕਿਸਾਨਾਂ ਲਈ ਇਸਦੀ ਖੇਤੀ ਮੁਨਾਫਾ ਲੈ ਕੇ ਆਵੇ, ਉਹ ਖੁਸਹਾਲ ਵੀ ਹੋ ਜਾਣ, ਪਰ ਇਹ ਨਸਾਂ ਪੰਜਾਬ ਵਿੱਚ ਆਮ ਮਿਲਣ ਨਾਲ ਸਾਡੀਆਂ ਪੀੜ੍ਹੀਆਂ ਇਸਦੀਆਂ ਗੁਲਾਮ ਹੋ ਜਾਣਗੀਆਂ। ਸਾਡੇ ਬੱਚੇ ਇਸ ਦਾ ਸੇਵਨ ਆਮ ਕਰਨ ਲੱਗਣਗੇ। ਲੋਕ ਪੰਜਾਬ ਨੂੰ ਅਮਲੀਆਂ ਦਾ ਸੂਬਾ ਕਹਿ ਕੇ ਸੰਬੋਧਨ ਕਰਿਆ ਕਰਨਗੇ, ਜੋ ਕਿ ਸਾਡੇ ਲਈ ਸ਼ਰਮ ਦੀ ਗੱਲ ਹੋਵੇਗੀ। ਪੋਸਤ (ਅਫੀਮ) ਦੀ ਖੇਤੀ ਕਰਨ ਦੀ ਅਫਿਗਾਨਸਤਾਨ ਦੇਸ਼ ਵਧੀਆਂ ਉਦਾਰਨ ਹੈ, ਜਿਸਦੇ ਵਿੱਚ ਰਹਿਣ ਵਾਲੇ ਬੱਚੇ, ਬਜੁਰਗ, ਨੋਜਵਾਨ, ਔਰਤਾਂ ਸਭ ਇਸ ਨਸ਼ੇ ਨੇ ਆਪਣੀ ਲਪੇਟ ਵਿੱਚ ਲੈ ਲਏ ਹਨ, ਜਿਹਨਾਂ ਦੀ ਸੋਚਣ ਅਤੇ ਸਮਝਨ ਦੀ ਸਕਤੀ ਇਸ ਨਸ਼ੇ ਨੇ ਖਤਮ ਕਰਕੇ ਰੱਖੀ ਹੋਈ ਹੈ, ਉਹ ਦੇਸ਼ ਅੱਜ ਦੁਨੀਆਂ ਦਾ ਗਰੀਬ ਦੇਸ਼ ਬਣ ਚੁੱਕਾ ਹੈ, ਜਿਸਨੂੰ ਅੱਤਵਾਦ ਅੰਦਰੋਂ ਅੰਦਰੀ ਖਾ ਰਿਹਾ ਹੈ। ਇਸ ਦੇਸ਼ ਦੀ ਇਸ ਹਾਲਤ ਦਾ ਇੱਕ ਮੁੱਖ ਕਾਰਨ ਇਸ ਦੇਸ਼ ਵਿੱਚ ਕੀਤੀ ਜਾਂਦੀ ਪੋਸਤ (ਅਫੀਮ) ਦੀ ਖੇਤੀ ਹੀ ਹੈ।

ਪੰਜਾਬ ਅੱਜ ਬਹੁਤ ਮੁਸਕਿਲ ਦਿਨਾਂ ਦਾ ਸਾਹਮਣਾ ਕਰ ਰਿਹਾ ਹੈ। ਅੱਜ ਇਸਦੇ ਨੌਜਵਾਨ ਅਣਖ ਭੁੱਲਕੇ ਨਸ਼ਿਆ ਵਿੱਚ ਪੈ ਗਏ ਹਨ। ਪੌਣ ਪਾਣੀ ਵੀ ਅਸੀਂ ਆਪਣੀਆਂ ਗਲਤੀਆਂ ਕਰਕੇ ਬਹੁਤ ਜਿਆਦਾ ਖਰਾਬ ਕਰ ਲਿਆ ਹੈ। ਪੰਜਾਬ ਦੀ ਧਰਤੀ ਤੇ ਕਦੇ ਪਾਣੀ ਦੀ ਕੋਈ ਕਮੀ ਨਹੀ ਹੋਇਆ ਕਰਦੀ ਸੀ ਜਿਸ ਕਰਕੇ ਇਸਦਾ ਨਾਮ ਪੰਜ-ਆਬ ( ਪੰਜ ਦਰਿਆਵਾਂ ਦੀ ਧਰਤੀ) ਪਿਆ ਸੀ। ਪਰ ਸਮੇਂ ਸਮੇਂ ਤੇ ਸਰਕਾਰਾਂ ਦੀਆ ਗਲਤ ਨੀਤੀਆਂ ਅਤੇ ਸਾਡੀਆ ਆਪਣੀਆਂ ਗਲਤੀਆਂ ਕਾਰਨ ਸਾਡੇ ਪੰਜਾਬ ਦੀ ਧਰਤੀ ਹੁਣ ਬੰਜਰ ਬਣਨ ਦੇ ਰਸਤੇ ਤੇ ਅੱਗੇ ਵੱਧ ਰਹੀ ਹੈ। ਤਾਜੀਆਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਅਗਲੇ ਲਗਭੱਗ 25 ਸਾਲਾ ਵਿੱਚ ਧਰਤੀ ਹੇਠਲਾ ਪਾਣੀ ਖਤਮ ਹੋ ਜਾਵੇਗਾ ਅਤੇ ਇਹ ਧਰਤੀ ਬੰਜਰ ਹੋ ਜਾਵੇਗੀ।

ਪੰਜਾਬ ਦੀ ਧਰਤੀ ਨੂੰ ਬੰਜਰ ਕਰਨ ਵਿੱਚ ਮੁੱਖ ਹੱਥ ਸਾਡਾ ਸਭ ਦਾ ਹੈ। ਅਸੀ ਆਪਣੀ ਗਲਤ ਆਦਤਾਂ ਕਰਕੇ ਆਪਣੀਆਂ ਅਗਲੀ ਪੀੜੀ ਦਾ ਕਾਤਲ ਬਣਨ ਜਾ ਰਹੇ ਹਾਂ। ਸਰਕਾਰ ਚਾਹੇ ਤਾਂ ਇੱਕ ਦਿਨ ਵਿੱਚ ਝੋਨੇ ਆਦਿ ਤੇ ਰੋਕ ਲਾ ਸਕਦੀ ਹੈ, ਪਰ ਉਹ ਇਸ ਤਰਾਂ ਨਹੀ ਕਰੇਗੀ, ਜਿਸਦਾ ਇੱਕੋ ਇੱਕ ਕਾਰਨ ਕਿਸਾਨ ਵੋਟ ਬੈਂਕ ਹੈ। ਜੇਕਰ ਕੋਈ ਵੀ ਸਰਕਾਰ ਇਹਨਾਂ ਮੋਟਰਾਂ ਨੂੰ ਬਿੱਲ ਲਾਵੇਗੀ ਜਾਂ ਕਿਸਾਨਾ ਨੂੰ ਝੋਨੇ ਦੀ ਫਸਲ ਲਾਉਣ ਤੋਂ ਰੋਕੇਗੀ ਤਾਂ ਉਹਨਾਂ ਨੂੰ ਡਰ ਹੈ ਕਿ ਕਿਤੇ ਉਹਨਾਂ ਦੇ ਹੱਥੋਂ ਇਹ ਕਿਸਾਨ ਵੋਟ ਬੈਂਕ ਖਿਸਕ ਨਾ ਜਾਵੇ। ਪਰ ਸਰਕਾਰ ਇਹ ਵੀ ਤਾਂ ਸੋਚੇ ਜੇਕਰ ਕਲ ਨੂੰ ਸਾਡੇ ਲੋਕ ਹੀ ਨਾ ਰਹੇ ਤਾਂ ਉਹਨਾਂ ਨੂੰ ਵੋਟਾਂ ਕੋਣ ਪਾਵੇਗਾ?

ਸੋ ਮੇਰੀ ਆਪ ਜੀ ਨੂੰ ਬੇਨਤੀ ਹੈ ਅੱਜ ਫਿਰ ਸਾਰੀ ਦੁਨੀਆਂ ਵਿੱਚ ਝੂਠ ਦਾ ਬੋਲਬਾਲਾ ਹੈ, ਤੁਹਾਡੇ ਸਿੱਖ ਤੁਹਾਡੇ ਦਿੱਤੇ ਸਿਧਾਤਾਂ ਤੋਂ ਭਟਕ ਰਹੇ ਹਨ। ਸੋ ਮੇਰੀ ਆਪ ਜੀ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀ ਇਸ ਧਰਤੀ ਤੇ ਫਿਰ ਆਉ ਅਤੇ ਆਪਣੇ ਭਟਕ ਚੁੱਕੇ ਸਿੱਖਾਂ ਨੂੰ ਸਿੱਧੇ ਰਸਤੇ ਪਾਉ ਜੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਵਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਵਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**


A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ




ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ










We are looking for:

* General Labours
* Forklift Operators
* Window assemblers
* Production Line Workers
* Machine Operators
* AZ Driver, Shippers/Receivers Packagers




Only Full Time Position Available

Must be eligible to work in Canada & communication in English

Please call us: 416-514-0733

